Whereas the borrowers/co-borrowers/guarantors/mortgagors mentioned hereunder had availed the financial assistance from Reliance Home Finance Ltd. We state that despite having availed the financial assistance, the borrowers/guarantors/mortgagors have committed various defaults in repayment of interest and principal amounts as per due dates. The account has been classified as Non Performing Asset on the respective dates mentioned hereunder, in the books of RHF in accordance with the directives relating to asset classification issued by the National Housing Bank, consequent to the Authorized Officer of Reliance Home Finance Ltd. under Securitization and Reconstruction of Financial Assets and Enforcement of Security Interest Act, 2002 & in exercise of powers conferred under Section 13(12) read with Rule 3 of Security Interest (Enforcement) Rules, 2002 issued Demand Notices on respective dates mentioned herein below under Section 13(2) of SARFAESI Act, 2002 calling upon the following borrowers /guarantors /mortgagors to repay the amount mentioned in the notices together with further interest at the contractual rate on the amount mentioned in the notices and incidental expenses, cost, charges etc until the date of payment within 60 days from the date of receipt of notices.

The notices issued to them on their last known addresses have returned un-served and as such they are hereby informed by way of public notice same.

| Sr. No. | Name of the Borrower/ Address | Co-Borrower & Guarantor Name | NPA Date | Date of Demand Notice | Outstanding Amount | Loan Amount | Property Address Of Secured Assets |
|---|---|---|---|---|---|---|---|
| 1. | **Bmk Business Hotels and Resorts Private Limited (through Its Directors)** B-3, Greater Kailash Enclave, Part-1, New Delhi-110048 | **Veenita Kakkar, Mandeep Singh Kakkar, Gulshan Bir Singh & Rakesh Mohan** | **23rd March-2021** | **21st - July-2021** | **Rs.3,84,99,856.86** As on 14th-July-2021 (against Loan A/c No. **RHLPDEL000048383** | **Rs. 3,80,00,000/- (Partially disbursed of Rs. 3,75,00,000/-)** | All that part and parcel of property Plot No- B-2, Greater Kailash Enclave-1, Delhi-110048. Admeasuring 500 Sq Yards Bounded As: North: Lane 15 Ft; South: Road; East: Plot No. B-3; West: Plot No. B-I |
| 2. | **Suryadeep Singh Ahluwalia** C-022, Raheja Atlantis, Sector 31, Gurgaon, Haryana-122001 | **Daizy Ahluwalia & Daiz Solar Inc** | **11th April-2021** | **21st - July-2021** | **Rs.15,704,262/-** As on 21st -July-2021 (against Loan A/c No. **RHHLDEL000062347** | **Rs. 1,40,00,000/-** | All that part and parcel of property Flat No. OC-VV-B-09-05, 9th Floor, Tower No. B, Having Super Area of 2768 Sq Ft., Ireo Victory Valley, Golf Course Extension Road, Sector-67, Gurgaon, Haryana-122001. |

the circumstances as aforesaid, the notice is hereby given to the above borrowers, co-borrowers and/ or their guarantors (where ever applicable) to pay the outstanding dues as mentioned above along with future interest and applicable charges within 60 days from the date of the publication of this notice failing which further steps will be taken after the expiry of 60 days of the date of this notice against the secured assets including taking possession of the secured assets of the borrowers and the mortgagors under Section 13(4) of Securitisation and Re-construction of Financial Assets and Enforcement of Security Interest Act. 2002 and the applicable rules thereunder.

**Please note that under Section 13 (13) of the said Act, no Borrower shall, transfer by way of sale, lease or otherwise any of his secured assets referred to in the notice, without prior written consent of the secured creditor.**

**Dated: 29th July, 2021**
**Place: Delhi/Gurgaon**

Sd/-
**Authorized Officer**
**Reliance Home Finance Ltd.**

---

## IDFC First Bank Limited

IDFC FIRST Bank

(erstwhile IDFC Bank Limited, and presently known as IDFC First Bank Limited)
**CIN : L65110TN2014PLC097792**
**Registered Office: -** KRM Towers, 8th Floor, Harrington Road, Chetpet, Chennai- 600031.
Tel : +91 44 4564 4000 | Fax: +91 44 4564 4022

**Notice under Section 13 (2) of the Securitization and Reconstruction of Financial Assets and Enforcement of Security Interest Act, 2002**

The following borrowers and co-borrowers availed the below mentioned secured loans from **IDFC FIRST Bank Limited (erstwhile IDFC Bank Limited and presently known as IDFC First Bank Limited)** The loans of the below-mentioned borrowers and co-borrowers have been secured by the mortgage of their respective properties. As they have failed to adhere to the terms and conditions of the respective loan agreements and had become irregular, their loan were classified as NPA as per the RBI guidelines. Amounts due by them to **IDFC FIRST Bank Limited (erstwhile IDFC Bank Limited and presently known as IDFC First Bank Limited)** are mentioned as per respective notices issued more particularly described in the following table and further interest on the said amounts shall also be applicable and the same will be charged as per contractual rate with effect from their respective dates.

| Sr No. | Loan Account No. | Type of Loan | Name of borrowers and co-borrowers | Section 13 (2) Notice Date | Outstanding amount as per Section 13 (2) Notice | Property Address |
|---|---|---|---|---|---|---|
| 1 | 10049898231 | Home Loan | 1. RAJEEV GULATI 2. PREETI GULATI | 14-07-2021 | 1,69,02,624/- | ALL THAT PIECE AND PARCEL OF RESIDENTIAL PROPERTY COMPRISING PLOT NO. 909, BLOCK-C, ADMEASURING 180 SQ.MTRS., SITUATED IN THE RESIDENTIAL COLONY KNOWN AS "SUSHANT LOK", PHASE-1, SITUATED IN AND AROUND VILLAGE SARHAUL SUKHRALI, CHAKARPUR, SALOKHRA, KANHAI, TEHSIL & DISTRICT- GURGAON (HARYANA), AND BOUNDED AS: **EAST: C-910 WEST: C-908 SOUTH: C-894NORTH: ROAD** |
| 2 | 10014878102 | Home Loan | 1. VIJAY KUMAR 2. RAVINDER KUMAR GUPTA 3. SONAM GUPTA 4. VIJAY KUMAR GUPTA | 14-07-2021 | 74,54,270/- | ALL THAT PIECE AND PARCEL OF VACANT PLOT BEARING PROPERTY NO. 29 IN BLOCK – E, SITUATED IN SECTOR 51, NOIDA, GAUTAM BUDH NAGAR, U.P., AREA ADMEASURING 300 SQ. MTRS., AND BOUNDED AS: **EAST:PLOT NO. E-28 WEST: PLOT NO. E-30 SOUTH: OTHER PROPERTY NORTH: ROAD 12M WIDE** |

You are hereby called upon to pay the amounts to **IDFC FIRST Bank Limited (erstwhile IDFC Bank Limited and presently known as IDFC First Bank Limited)** as per the details shown in the above table with contracted rate of interest thereupon from their respective dates and other costs, charges etc. within 60 days from the date of this publication, failing which the undersigned shall be constrained to initiate proceedings, under Section 13 (4) and section 14 of the SARFAESI Act, against the mortgaged properties mentioned hereinabove to realize the amount due to **IDFC FIRST Bank Limited (erstwhile IDFC Bank Limited and presently known as IDFC First Bank Limited)** Further you are prohibited under Section 13 (13) of the said Act from transferring the said secured assets either by way of sale/lease or otherwise.

Sd/-
**Authorized Officer**
**IDFC FIRST Bank Limited**
**(erstwhile IDFC Bank Limited,**
**and presently known as IDFC First Bank Limited)**

**Date : 29.07.2021**
**Place : Delhi NCR**

# ਕੌਮਾਂਤਰੀ ਕਬੱਡੀ ਖਿਡਾਰੀ, ਕਮਿਊਨਿਸਟ ਆਗੂ ਅਤੇ ਸਮਾਜ ਸੇਵੀ ਕਾਮਰੇਡ ਸੋਹਣ ਸਿੰਘ ਸੰਧੂ ਉਰਫ 'ਸੋਹਣ ਜੰਪ' ਨਹੀਂ ਰਹੇ

## ਕਾਮਰੇਡ ਸੇਖੋਂ, ਕਾਮਰੇਡ ਤੱਗੜ, ਕਾਮਰੇਡ ਬਾਸੀ ਅਤੇ ਹੋਰ ਸਾਥੀਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

**ਰੋਗਿਜ਼ ਸੋਢੀ**

**ਜਲੰਧਰ, 28 ਜੁਲਾਈ :** ਅੰਤਰਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀ, ਕਮਿਊਨਿਸਟ ਆਗੂ ਅਤੇ ਸਮਾਜ ਸੇਵੀ ਕਾਮਰੇਡ ਸੋਹਣ ਸਿੰਘ ਸੰਧੂ ਉਰਫ਼ 'ਸੋਹਣ ਜੰਪ' ਦਾ ਬੀਤੇ ਦਿਨੀਂ ਬਰਮਿੰਘਮ (ਇੰਗਲੈਂਡ) ਵਿਖੇ 88 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਇਹ ਜਾਣਕਾਰੀ ਰੁੜਕਾ ਕਲਾਂ ਦੇ ਸਾਬਕਾ ਸਰਪੰਚ ਅਤੇ ਸੀਪੀਆਈ (ਐਮ.) ਆਗੂ ਕਾਮਰੇਡ ਮੇਲਾ ਸਿੰਘ ਰੁੜਕਾ ਕਲਾਂ ਵਲੋਂ ਦਿੱਤੀ ਗਈ ਹੈ।

ਕਾਮਰੇਡ ਸੋਹਣ ਸਿੰਘ ਸੰਧੂ ਨੇ 1950ਵਿਆਂ ਵਿਚ ਰੁੜਕਾ ਕਲਾਂ ਪਿੰਡ ਵਿੱਚ ਕਬੱਡੀ ਟੀਮ ਬਣਾਈ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਿਆ। 'ਜੰਪ' ਦਾ ਖਿਤਾਬ ਉਨ੍ਹਾਂ ਨੂੰ ਉਨ੍ਹਾਂ ਦੇ ਦਰਸ਼ਕਾਂ ਅਤੇ ਪ੍ਰਸ਼ੰਸਕਾਂ ਵੱਲੋਂ ਕਬੱਡੀ ਖੇਡਦੇ ਸਮੇਂ ਮਾਰੀਆਂ ਜਾਣ ਵਾਲੀਆਂ ਛਾਲਾਂ (ਜੰਪਸ) ਦੇ ਆਧਾਰ 'ਤੇ ਦਿੱਤਾ ਗਿਆ ਜੋ ਸਾਰੀ ਉਮਰ ਉਨ੍ਹਾਂ ਦੀ ਵਿਲੱਖਣ ਪਛਾਣ ਬਣਿਆ ਰਿਹਾ। ਉਨ੍ਹਾਂ ਨੇ 1950 ਵਿਆਂ ਵਿਚ ਪਿੰਡ ਦੇ

ਵਿੱਚ ਹੀ ਕਮਿਊਨਿਸਟ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਅਤੇ ਪਾਰਟੀ ਨੂੰ ਮਜਬੂਤ ਕੀਤਾ। ਸੀਪੀਆਈ (ਐਮ) ਦੀ 1964 ਵਿੱਚ ਹੋਈ ਸਥਾਪਨਾ ਸਮੇਂ ਉਹ ਅਤੇ ਉਨ੍ਹਾਂ ਦੇ ਹੋਰ ਸਾਰੇ ਸਾਥੀ ਸੀਪੀਆਈ (ਐਮ) ਵਿੱਚ ਸ਼ਾਮਲ ਹੋਏ। ਉਹ ਪਹਿਲੇ ਸਮਿਆਂ ਵਿੱਚ ਹੀ ਇੰਗਲੈਂਡ ਚਲੇ ਗਏ ਸਨ ਜਿੱਥੇ ਉਨ੍ਹਾਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਪ੍ਰੇਰਨਾ ਅਤੇ ਸਹਾਇਤਾ ਨਾਲ ਅਤੇ ਬਾਕੀ ਸਾਥੀਆਂ ਦੇ ਸਹਿਯੋਗ ਨਾਲ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਆਈ.ਡਬਲਯੂ.ਏ.) ਦੀ ਸਥਾਪਨਾ ਵਿੱਚ ਅਹਿਮ ਯੋਗਦਾਨ ਪਾਇਆ। ਅੰਤ ਤੱਕ ਸਾਥੀ ਜੰਪ ਆਪਣੇ ਪਿੰਡ ਨਾਲ ਜੁੜੇ ਰਹੇ ਅਤੇ ਪਿੰਡ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਉਹ ਅੰਤ ਤੱਕ ਸੀ.ਪੀ.ਆਈ. (ਐਮ.) ਨਾਲ ਜੁੜੇ ਰਹੇ । ਉਹ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਵਿਸ਼ਵਾਸਪਾਤਰ ਸਾਥੀਆਂ ਵਿੱਚ ਸਾਮਲ ਸਨ । ਸੀਪੀਆਈ (ਐਮ.) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸੂਬਾ ਸਕੱਤਰੇਤ ਮੈਂਬਰ ਅਤੇ ਜ਼ਿਲ੍ਹਾ ਸਕੱਤਰ ਕਾਮਰੇਡ ਲਹਿੰਬਰ ਸਿੰਘ ਤੱਗੜ , ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਸਾਥੀ ਗੁਰਚੇਤਨ ਸਿੰਘ ਬਾਸੀ , ਸੂਬਾ ਕਮੇਟੀ ਮੈਂਬਰ ਸੁਖਪ੍ਰੀਤ ਸਿੰਘ ਜੌਹਲ, ਤਹਿਸੀਲ ਸਕੱਤਰ ਪ੍ਰਸ਼ੋਤਮ ਬਿਲਗਾ, ਗੁਰਪਰਮਜੀਤ ਕੌਰ ਤੱਗੜ, ਸੁਖਦੇਵ ਸਿੰਘ ਬਾਸੀ, ਗੁਰਮੇਲ ਸਿੰਘ ਨਾਹਲ, ਮਾਸਟਰ ਮੂਲ ਚੰਦ ਸਰਹਾਲੀ, ਵਿਜੈ ਧਰਨੀ ਅਤੇ ਹੋਰ ਬਹੁਤ ਸਾਰੇ ਸਾਥੀਆਂ ਵੱਲੋਂ ਸਾਥੀ ਸੋਹਣ ਸਿੰਘ ਜੰਪ ਦੇ ਵਿਛੋੜੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਗਈ ਹੈ ।

ਆਪਣੇ ਸਮਿਆਂ ਵਿੱਚ ਕਬੱਡੀ ਦੇ ਸੁਪਰ ਸਟਾਰ ਅਤੇ ਪਿੰਡ ਰੁੜਕਾ ਕਲਾਂ ਦਾ ਨਾਮ ਸੰਸਾਰ ਦੇ ਕਬੱਡੀ ਜਗਤ ਦੀ ਚਰਚਾ ਵਿੱਚ ਲਿਆਉਣ ਵਾਲੇ ਸ. ਸੋਹਣ ਸਿੰਘ (ਜੰਪ) ਇਸ ਦੁਨੀਆ ਵਿਚ ਨਹੀਂ ਰਹੇ ।

ਪਿੰਡ ਦੇ ਚਹੁਮੁਖੀ ਵਿਕਾਸ ਲਈ ਤਤਪਰ ਰਹਿਣ ਵਾਲੇ ਸ. ਜੰਪ ਨੇ ਵਿੱਦਿਅਕ ਖੇਤਰ ਵਿੱਚ ਕੰਮ ਕਰਦੇ ਹੋਏ ਸੀਨੀਅਰ ਸੈਕੰਡਰੀ ਸਕੂਲ ਦੇ ਨਿਰਮਾਣ ਅਤੇ ਸਿਹਤ ਸੁਵਿਧਾਵਾਂ ਲਈ ਬਾਬਾ ਭਾਈ ਸਾਧੂ ਜੀ ਚੈਰੀਟੇਬਲ ਹਸਪਤਾਲ ਦੇ ਨਿਰਮਾਣ ਵਿੱਚ ਮੋਹਰੀ ਭੂਮਿਕਾ ਨਿਭਾਈ । ਸਵਰਗੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸੁਰਜੀਤ ਦੇ ਸਾਥੀ ਰਹੇ ਸ. ਸੋਹਣ ਸਿੰਘ (ਜੰਪ) ਦਾ ਨਾਮ ਹਮੇਸ਼ਾਂ ਕਬੱਡੀ ਜਗਤ ਅਤੇ ਪਿੰਡ ਰੁੜਕਾ ਕਲਾਂ ਦੇ ਇਤਿਹਾਸ ਵਿੱਚ ਅਮਰ ਰਹੇਗਾ।

# ਸਖ਼ਤ ਸੁਰੱਖਿਆ ਹੇਠ ਗੈਂਗਸਟਰ ਪ੍ਰੀਤ ਸੇਖੋਂ ਅਤੇ ਹੋਰਾਂ ਨੂੰ ਪੁਲਿਸ ਨੇ ਅਦਾਲਤ ਵਿੱਚ ਕੀਤਾ ਪੇਸ਼

## 5 ਦਿਨਾਂ ਪੁਲਿਸ ਰਿਮਾਂਡ 'ਤੇ ਭੇਜਿਆ

**ਜੋਗਿੰਦਰ ਪਾਲ ਸਿੰਘ ਕੁੰਦਰਾ**

**ਅੰਮ੍ਰਿਤਸਰ, 28 ਜੁਲਾਈ :** ਬੀਤੀ ਰਾਤ ਪੰਜਾਬ ਪੁਲਸ ਵੱਲੋਂ ਅਜਨਾਲਾ ਅਧੀਨ ਆਉਂਦੇ ਪਿੰਡ ਚਮਿਆਰੀ ਤੋਂ ਗ੍ਰਿਫਤਾਰ ਕੀਤੇ ਗਏ ਗੈਂਗਸਟਰ ਪ੍ਰੀਤ ਸੇਖੋਂ, ਜਰਮਨਜੀਤ ਸਿੰਘ ਨਿੱਕਾ ਖਡੂਰੀਆ ਤੇ ਗੁਰਲਾਲ ਸਿੰਘ ਨੂੰ ਅੱਜ ਭਾਰੀ ਪੁਲਸ ਸੁਰੱਖਿਆ ਅਧੀਨ ਅਜਨਾਲਾ ਦੀ ਮਾਣਯੋਗ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਅਜਨਾਲਾ ਵਿਪਨ ਕੁਮਾਰ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਤਿੰਨੇ ਗੈਂਗਸਟਰਾਂ ਨੂੰ ਅੱਜ ਮਾਣਯੋਗ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ, ਜਿਥੇ ਮਾਨਯੋਗ ਅਦਾਲਤ ਵੱਲੋਂ ਇਨ੍ਹਾਂ ਦਾ ਪੰਜ ਦਿਨ ਦਾ ਪੁਲਸ ਰਿਮਾਂਡ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਪੁਲਸ ਵੱਲੋਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ । ਇਥੇ ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਪੰਜਾਬ ਪੁਲਸ ਲਈ ਸਿਰਦਰਦੀ ਬਣ ਚੁੱਕੇ ਖਤਰਨਾਕ ਗੈਂਗਸਟਰ ਪ੍ਰੀਤ ਸੇਖੋਂ ਅੰਮ੍ਰਿਤਸਰੀਆ ਅਤੇ ਗੈਂਗਸਟਰ ਨਿੱਕੂ ਖੱਡਰੀਆ ਨੂੰ ਪੁਲਸ ਨੇ ਮੰਗਲਵਾਰ ਸ਼ਾਮ ਨੂੰ ਅਜਨਾਲਾ ਦੇ ਪਿੰਡ ਚਮਿਆਰੀ 'ਚ ਉਸ ਵੇਲੇ ਗ੍ਰਿਫਤਾਰ ਕੀਤਾ ਸੀ ਜਦੋਂ ਉਹ ਇਕ ਘਰ ਵਿਚ ਲੁਕਿਆ ਬੈਠਾ ਸੀ।

ਇਸ ਦੌਰਾਨ ਪੁਲਸ ਨੇ 7-8 ਰੌਂਦ ਫਾਇਰ ਵੀ ਕੀਤੇ। ਪੁਲਸ ਨੂੰ ਮੁਲਜਮਾਂ ਕੋਲੋਂ 5 ਪਿਸਤੌਲ, ਰਾਈਫਲ ਅਤੇ ਕਾਰਤੂਸ ਵੀ ਬਰਾਮਦ ਹੋਏ ਸਨ। ਗੈਂਗਸਟਰਾਂ ਨੂੰ ਦਬੋਚਣ ਲਈ ਕੀਤੇ ਗਏ ਆਪਰੇਸ਼ਨ ਵਿਚ ਓਕੂ (ਆਰਗੇਨਾਈਜਡ ਕ੍ਰਾਈਮ ਕੰਟਰੋਲ ਯੂਨਿਟ) ਚੰਡੀਗੜ੍ਹ ਤੋਂ ਇਲਾਵਾ 6 ਥਾਣਿਆਂ ਦੇ ਅਧਿਕਾਰੀਆਂ ਸਮੇਤ 300 ਤੋਂ ਵੱਧ ਜਵਾਨ ਸ਼ਾਮਲ ਸਨ।

# ਵਿਧਾਇਕ ਸੰਦੋਆ ਨੇ ਪਿੰਡ-ਪਿੰਡ ਜਾ ਕੇ 'ਆਪ' ਦੀ ਸਰਕਾਰ ਆਉਣ 'ਤੇ ਬਿਜਲੀ ਸਬੰਧੀ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ

**ਬਲਵਿੰਦਰ ਰੈਤ**

**ਨੂਰਪੁਰ ਬੇਦੀ, 28 ਜੁਲਾਈ :** ਵਿਧਾਨ ਸਭਾ ਹਲਕਾ ਰੂਪਨਗਰ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਵੱਲੋਂ ਆਪਣੇ ਹਲਕੇ ਦੇ ਪਿੰਡ ਜਟੋਲੀ ਵਿਖੇ ਆਮ ਆਦਮੀ ਪਾਰਟੀ ਦੇ ਬਿਜਲੀ ਅੰਦੋਲਨ ਸਬੰਧੀ ਮੀਟਿੰਗ ਕੀਤੀ ਗਈ, ਜਿੱਥੇ ਕਿ ਉਹਨਾਂ ਵੱਲੋਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਉਨ੍ਹਾਂ ਦੀ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਨ ਤੋਂ ਬਾਅਦ ਪੰਜਾਬੀਆਂ ਨੂੰ ਇੱਕ ਮਹੀਨੇ ਦੇ ਬਿਜਲੀ ਦੇ 300 ਯੂਨਿਟ ਅਤੇ 2 ਮਹੀਨਿਆਂ ਦੇ 600 ਯੂਨਿਟ ਮੁਫਤ ਬਿਜਲੀ ਦੇਣ ਦੀ ਗਾਰੰਟੀ ਸਬੰਧੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਇਲਾਕੇ ਦੇ ਬਹੁਤ ਘੱਟ ਅਜਿਹੇ ਪਰਿਵਾਰ ਹਨ ਜਿਨ੍ਹਾਂ ਦਾ ਦੋ ਮਹੀਨਿਆਂ ਦਾ 600 ਯੂਨਿਟ ਤੋਂ ਉੱਪਰ ਦਾ ਬਿਜਲੀ ਦਾ ਬਿੱਲ ਆਉਂਦਾ ਹੈ, ਜਿਆਦਾਤਰ ਪਰਿਵਾਰਾਂ ਦਾ 600 ਯੂਨਿਟ ਤੋਂ ਘੱਟ ਦਾ ਬਿਜਲੀ ਦਾ ਬਿੱਲ ਆਉਂਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਨ ਤੋਂ ਬਾਅਦ ਮੁਫਤ ਬਿਜਲੀ ਦੀ ਸਹੂਲਤ ਨਾਲ ਆਮ ਘਰਾਂ ਨੂੰ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਨਾਲ ਹੀ ਸਭ ਨੂੰ ਆਮ ਆਦਮੀ ਪਾਰਟੀ ਨਾਲ ਜੁੜਨ ਦੀ ਅਪੀਲ ਵੀ ਕੀਤੀ। ਇਸ ਮੌਕੇ ਜਿਲ੍ਹਾ ਸਕੱਤਰ ਰਾਮ ਕੁਮਾਰ ਮੁਕਾਰੀ, ਜਿਲ੍ਹਾ ਬੀ.ਸੀ. ਵਿੰਗ ਦੇ ਪ੍ਰਧਾਨ ਭਜਨ ਲਾਲ ਸੋਢੀ, ਆਪ ਆਗੂ ਚੌਧਰੀ ਕਮਲ ਕਿਸ਼ੋਰ ਵੱਲੋਂ ਵੀ ਪਿੰਡ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਾਸੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸਬੰਧੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਰਾਮ ਕੁਮਾਰ ਮੁਕਾਰੀ, ਭਜਨ ਲਾਲ ਸੋਢੀ, ਸੋਹਣ ਲਾਲ ਚੇਚੀ, ਰਾਮੂ ਸਾਹ, ਚੌਧਰੀ ਕਮਲ ਕਿਸ਼ੋਰ ਰੌੜੂਆਣਾ, ਚਰਨਜੀਤ ਕੁਮਾਰ ਚੰਨੀ, ਨਰਿੰਦਰ ਸੈਣੀ, ਬਾਬਾ ਅਸ਼ੋਕ, ਮਨੋਹਰ ਲਾਲ ਕਸਾਣਾ, ਮਦਨ ਲਾਲ, ਬੰਟੀ, ਗੁਰਦੇਵ ਚੌਧਰੀ, ਜੋਗਿੰਦਰ ਪਾਲ, ਤਾਰਾ ਸਿੰਘ, ਅੰਮ੍ਰਿਤ ਚੌਧਰੀ, ਗੁਰਜੋਤ ਸਿੰਘ, ਹੁਸਨ ਲਾਲ, ਦਿਲਾਵਰ ਸੈਣੀ, ਬਲਜੀਤ ਸਿੰਘ, ਸੁਖਪ੍ਰੀਤ ਭੁੱਲਰ ਆਦਿ ਹਾਜ਼ਰ ਸਨ।

# ਕਿਸਾਨ ਜਥੇਬੰਦੀ ਨੇ ਕੈਬਨਿਟ ਮੰਤਰੀ ਧਰਮਸੋਤ ਨੂੰ ਨਹੀਂ ਰੱਖਣ ਦਿੱਤਾ ਗਲੀਆਂ ਨਾਲੀਆਂ ਦਾ ਨੀਂਹ ਪੱਥਰ

## ਬੀਤੀ 26 ਜੁਲਾਈ ਨੂੰ 2 ਵਾਰ ਨੀਂਹ ਪੱਥਰ ਰੱਖਣ 'ਚ ਅਸਫ਼ਲ ਰਹੇ ਮੰਤਰੀ ਧਰਮਸੋਤ : ਆਗੂ

**ਧਰਮਿੰਦਰ ਚੌਹਾਨ**

**ਭਾਦਸੋਂ, 28 ਜੁਲਾਈ :** ਹਲਕਾ ਵਿਧਾਇਕ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦਾ ਉਸਦੇ ਆਪਣੇ ਹਲਕੇ ਵਿੱਚ ਵਿਰੋਧ ਵਧਦਾ ਹੀ ਜਾ ਰਿਹਾ ਹੈ, ਕਿਸਾਨ ਜਥੇਬੰਦੀਆਂ ਨੂੰ ਜਿੱਥੇ ਵੀ ਧਰਮਸੋਤ ਦੇ ਪਿੰਡਾਂ ਵਿੱਚ ਪਹੁੰਚਣ ਦਾ ਪਤਾ ਲੱਗਦਾ ਹੈ, ਉਸ ਦੇ ਵਿਰੋਧ ਵਿੱਚ ਕਾਲੀਆਂ ਝੰਡੀਆਂ ਲੈ ਕੇ ਪਹਿਲਾਂ ਪਹੁੰਚ ਜਾਂਦੇ ਹਨ, ਅਜਿਹੀ ਹੀ ਇੱਕ ਘਟਨਾ ਭਾਦਸੋਂ ਨਜ਼ਦੀਕ ਪਿੰਡ ਝੰਬਾਲੀ ਖਾਸ ਦੀਆਂ ਗਲੀਆਂ ਨਾਲੀਆਂ ਦਾ ਨੀਂਹ ਪੱਥਰ ਰੱਖਣ ਤੋਂ ਰੋਕਣ ਦਾ ਮਸਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ।

ਕਿਸਾਨ ਆਗੂ ਮਲਕੀਤ ਸਿੰਘ ਅਤੇ ਮਹੇਸ਼ ਇੰਦਰ ਸਿੰਘ ਨੇ ਪ੍ਰੈੱਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ 26 ਜੁਲਾਈ ਨੂੰ ਝੰਬਾਲੀ ਖਾਸ ਵਿਖੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਵੱਲੋਂ ਗਲੀਆਂ ਨਾਲੀਆਂ ਦਾ ਉਦਘਾਟਨ ਕੀਤਾ ਜਾਣਾ ਸੀ, ਜਿਸ ਦੀ ਭਿੰਣਕ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੂੰ ਪਈ ਤਾਂ ਇਕਾਈ ਭੜੀ ਅਤੇ ਇਕਾਈ ਖਿਜਰਪੁਰ ਦੇ ਕਿਸਾਨ ਆਗੂ ਬਲਾਕ ਪ੍ਰਧਾਨ ਬਲਜੀਤ ਸਿੰਘ ਘਣੀਵਾਲ, ਸੀ. ਮੀਤ ਪ੍ਰਧਾਨ ਗੁਰਜੰਟ ਸਿੰਘ ਰੰਨੋਂ, ਮੀਤ ਪ੍ਰਧਾਨ ਸਰਬਜੀਤ ਸਿੰਘ ਭੜੀ, ਮਨਜਿੰਦਰ ਸਿੰਘ, ਗੁਰਜੀਤ ਸਿੰਘ ਦਰਗਾਪੁਰ, ਜਗਤਾਰ ਸਿੰਘ ਹਕੀਮਪੁਰਾ ਦੀ ਅਗਵਾਈ ਵਿੱਚ ਕਾਲੀਆਂ ਝੰਡੀਆਂ ਲੈ ਕੇ ਨੀਹ ਪੱਥਰ ਰੱਖਣ ਵਾਲੀ ਥਾਂ ਪਹੁੰਚ ਗਏ ਅਤੇ ਧਰਮਸੋਤ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ।

ਜਿਸ ਕਾਰਨ ਪੰਚਾਇਤ ਵਲੋਂ ਮੀਂਹ ਦਾ ਬਹਾਨਾ ਲੈ ਕੇ ਨੀਂਹ ਪੱਥਰ ਰੱਖਣ ਦਾ ਪ੍ਰੋਗਰਾਮ ਕੈਂਸਲ ਕਰਨਾ ਪਿਆ। ਕਿਸਾਨ ਆਗੂ ਮਲਕੀਤ ਸਿੰਘ ਅਤੇ ਮਹੇਸ਼ਇੰਦਰ ਸਿੰਘ ਨੇ ਦੱਸਿਆ ਕਿ ਕੈਬਨਿਟ ਮੰਤਰੀ ਧਰਮਸੋਤ ਸ਼ਾਮ 5 ਵਜੇ ਚੁੱਪ ਚੁਪੀਤੇ ਨੀਂਹ ਪੱਥਰ ਰੱਖਣਾ ਚਾਹੁੰਦੇ ਸੀ, ਪਰ ਜਦੋਂ ਨੀਂਹ ਪੱਥਰ ਫਿੱਟ ਕਰਨ ਦੀ ਜਾਣਕਾਰੀ ਕਿਸਾਨ ਆਗੂਆਂ ਨੂੰ ਮਿਲੀ ਤਾਂ ਕਿਸਾਨ ਜਥੇਬੰਦੀਆਂ ਨੇ ਮੁੜ ਧਾਵਾ ਬੋਲ ਦਿੱਤਾ, ਜਿਸ ਕਾਰਨ ਕੈਬਨਿਟ ਮੰਤਰੀ ਧਰਮਸੋਤ ਨੂੰ ਜਿੰਦਲਪੁਰ ਪੁਲ ਤੋਂ ਹੀ ਬਿਨਾਂ ਨੀਂਹ ਪੱਥਰ ਰੱਖਣ ਦੀ ਰਸਮ ਨਿਭਾਏ ਵਾਪਸ ਮੁੜਨਾ ਪਿਆ, ਜਿਸ ਦੀ ਇਲਾਕੇ ਵਿੱਚ ਖੂਬ ਚਰਚਾ ਹੋ ਰਹੀ ਹੈ । ਇਸ ਮੌਕੇ ਪਿੰਡ ਛੰਨਾ ਨੱਥੂ ਵਾਲੀਆਂ ਅਤੇ ਝੰਬਾਲੀ ਖਾਸ ਤੇ ਮਲਕੀਤ ਸਿੰਘ, ਦਲਵਾਰਾ ਸਿੰਘ, ਗੁਰਮੇਲ ਸਿੰਘ, ਮਹੇਸ਼ਇੰਦਰ ਸਿੰਘ, ਕੁਲਵਿੰਦਰ ਸਿੰਘ, ਜੋਗਿੰਦਰ ਸਿੰਘ, ਮਹਿੰਦਰ ਸਿੰਘ, ਕਰਮ ਸਿੰਘ, ਕੁਲਜਿੰਦਰ ਸਿੰਘ, ਨਿਰਭੈ ਸਿੰਘ, ਰੁਪਿੰਦਰ ਸਿੰਘ, ਹਰਵੀਰ ਸਿੰਘ, ਲਖਵੀਰ ਸਿੰਘ, ਗੁਰਦਿਆਲ ਸਿੰਘ, ਗੁਰਜੰਟ ਸਿੰਘ, ਜਸਵਿੰਦਰ ਸਿੰਘ, ਨਰਿੰਦਰ ਸਿੰਘ, ਜਸਬੀਰ ਸਿੰਘ, ਗੁਰਮੀਤ ਸਿੰਘ ਹਾਜ਼ਰ ਸਨ ।

# ਭਾਖੜਾ ਡੈਮ 'ਚ ਪਾਣੀ ਦਾ ਪੱਧਰ 1579.34 ਫੁੱਟ ਪੁੱਜਿਆ, ਪਿਛਲੇ ਸਾਲ ਤੋਂ 35.46 ਫੁੱਟ ਘੱਟ

**ਸਤਨਾਮ ਸਿੰਘ**

**ਨੰਗਲ, 28 ਜੁਲਾਈ :** ਭਾਖੜਾ ਡੈਮ ਦੇ ਪਿੱਛੇ ਬਣੀ ਗੋਬਿੰਦ ਸਾਗਰ ਝੀਲ 'ਚ ਪਾਣੀ ਦਾ ਪੱਧਰ ਪਿਛਲੇ ਸਾਲ ਤੋਂ 35.46 ਫੁੱਟ ਹੇਠਾਂ ਚੱਲ ਰਿਹਾ ਹੈ। 28 ਜੁਲਾਈ ਬੁੱਧਵਾਰ ਭਾਖੜਾ ਡੈਮ 'ਚ 47744 ਕਿਊਸਿਕ ਪਾਣੀ ਆਉਣ ਮਗਰੋਂ ਡੈਮ ਦਾ ਪਾਣੀ ਪੱਧਰ 1579.34 ਫੁੱਟ ਤੱਕ ਪਹੁੰਚ ਗਿਆ ਸੀ। ਜਦੋਂ ਕਿ ਪਿਛਲੇ ਸਾਲ 28 ਜੁਲਾਈ 2020 ਨੂੰ ਡੈਮ ਦਾ ਪਾਣੀ ਪੱਧਰ 1614.80 ਫੁੱਟ ਉੱਤੇ ਸੀ। ਬੁੱਧਵਾਰ ਨੂੰ ਡੈਮ ਤੋਂ 18167 ਫੁੱਟ ਪਾਣੀ ਛੱਡਿਆ ਗਿਆ। ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਭਾਰੀ ਅਤੇ ਲਗਾਤਾਰ ਮੀਂਹ ਪੈਣ ਦੀਆਂ ਸੰਭਾਵਨਾਵਾਂ ਦੇ ਚੱਲਦੇ ਡੈਮ ਦੇ ਪਾਣੀ ਪੱਧਰ 'ਚ ਵਾਧਾ ਦੇਖਣ ਨੂੰ ਮਿਲ ਸਕਦਾ ਹੈ।

# ਉਪ ਮੰਡਲ ਮੈਜਿਸਟਰੇਟ ਰਾਜੇਸ਼ ਸ਼ਰਮਾ ਨੂੰ ਬਦਲੀ ਹੋਣ 'ਤੇ ਵਿਦਾਇਗੀ ਪਾਰਟੀ

**ਹਰਭਜਨ**

**ਪੱਟੀ, 28 ਜੁਲਾਈ :** ਦੀ ਰੈਵਨੀਊ ਪਟਵਾਰ ਯੂਨੀਅਨ ਵੱਲੋਂ ਉਪ ਮੰਡਲ ਮੈਜਿਸਟਰੇਟ ਰਜੇਸ਼ ਕੁਮਾਰ ਸ਼ਰਮਾ ਨੂੰ ਪੱਟੀ ਤੋਂ ਅੰਮ੍ਰਿਤਸਰ ਦੀ ਬਦਲੀ ਹੋਣ ਉਪਰੰਤ ਵਿਦਾਇਗੀ ਪਾਰਟੀ ਦਿੱਤੀ ਗਈ ਜਿਸ ਵਿਚ ਪ੍ਰਧਾਨ ਅੰਮ੍ਰਿਤਪਾਲ ਸਿੰਘ ਸੰਧੂ ਅਤੇ ਸਕੱਤਰ ਹਰਪ੍ਰੀਤ ਸਿੰਘ ਵੱਲੋਂ ਉਪ ਮੰਡਲ ਮਜਿਸਟ੍ਰੇਟ ਵੱਲੋਂ ਆਪਣੀ ਡਿਊਟੀ ਦੌਰਾਨ ਨਿਭਾਈਆਂ ਗਈਆਂ ਵਧੀਆ ਕਾਰਗੁਜ਼ਾਰੀ ਲਈ ਸਮੂਹ ਪਟਵਾਰੀਆਂ ਵਲੋਂ ਸਨਮਾਨਤ ਕੀਤਾ ਗਿਆ ।

ਪ੍ਰਧਾਨ ਸੰਧੂ ਨੇ ਵਿਦਾਇਗੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਪ ਮੰਡਲ ਮੈਜਿਸਟ੍ਰੇਟ ਸਰਮਾ ਨੇ ਕਰੋਨਾ ਮਹਾਂਮਾਰੀ ਦੌਰਾਨ ਬਹੁਤ ਵਧੀਆ ਢਾਂਚਾ ਤਿਆਰ ਕਰਕੇ ਹਰੇਕ ਕਰਮਚਾਰੀ ਦੇ ਨਾਲ ਤਾਲ ਮੇਲ ਰੱਖ ਕੇ ਆਪਣੀ ਡਿਵੀਜ਼ਨ ਦੇ ਲੋਕਾਂ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ ਅਤੇ ਦੀ ਰੈਵੀਨਿਊ ਪਟਵਾਰ ਯੂਨੀਅਨ ਦੀਆਂ ਮੰਗਾਂ ਵੀ ਉੱਚ ਅਧਿਕਾਰੀਆਂ ਅੱਗੇ ਬੜੀ ਸਪਸ਼ਟਤਾ ਨਾਲ ਰੱਖੀਆਂ ਹਨ ਜਿਸ ਤੇ ਸਾਰੀ ਯੂਨੀਅਨ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਰਹੇਗੀ ਇਸ ਮੌਕੇ ਕਰਨਪਾਲ ਸਿੰਘ ਰਿਆਡ ਨਾਇਬ ਤਹਿਸੀਲਦਾਰ ਪੱਟੀ, ਜਸਵਿੰਦਰ ਸਿੰਘ ਨਾਇਬ ਤਹਿਸੀਲਦਾਰ ਹਰੀਕੇ, ਪਟਵਾਰੀ ਜੋਗਾ ਸਿੰਘ, ਸੁਖਬੀਰ ਸਿੰਘ, ਗੁਰਨੇਕ ਸਿੰਘ, ਜਸਬੀਰ ਸਿੰਘ ਹੁੰਦਲ, ਸੁਨੀਲ ਕੁਮਾਰ, ਸੁਖਵਿੰਦਰ ਸਿੰਘ, ਹਰਜੀਤ ਸਿੰਘ, ਪ੍ਰਭਜੀਤ ਸਿੰਘ ਕਾਨੂੰਗੋ, ਮੋਹਣ ਸਿੰਘ ਚੌਧਰੀ, ਰੇਸ਼ਮ ਸਿੰਘ, ਵਜ਼ੀਰ ਸਿੰਘ, ਬਲਦੇਵ ਸਿੰਘ ਅਤੇ ਕੁਲਵਿੰਦਰ ਸਿੰਘ ਪੰਨੂ ਪ੍ਰਧਾਨ ਤਹਿਸੀਲ ਕੰਪਲੈਕਸ ਯੂਨੀਅਨ ਆਦਿ ਹਾਜ਼ਰ ਸਨ।

# ਖੇਤੀਬਾੜੀ ਵਿਸ਼ੇਸ਼ ਟੀਮ ਵੱਲੋਂ ਖੇਤਾਂ ਦਾ ਦੌਰਾ

**ਰਮਨ ਕਾਲੀਆ, ਭੁਪਿੰਦਰ ਸਿੰਘ**

**ਪਠਾਨਕੋਟ, ਸ਼ਾਹਪੁਰਕੰਡੀ, 28 ਜੁਲਾਈ :** ਝੋਨੇ ਦੀ ਸਿੱਧੀ ਬਿਜਾਈ ਸਬੰਧੀ ਸਮੱਸਿਆਵਾਂ ਅਤੇ ਪ੍ਰਗਤੀ ਨੂੰ ਵਾਚਣ ਲਈ ਡਾ.ਹਰਤਰਨਪਾਲ ਸਿੰਘ ਸੈਣੀ, ਮੁੱਖ ਖੇਤੀਬਾੜੀ ਅਫਸਰ, ਪਠਾਨਕੋਟ ਦੀ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ,ਪਠਾਨਕੋਟ ਅਤੇ ਕ੍ਰਿਸੀ ਵਿਗਿਆਨ ਕੇਂਦਰ, ਘੋਹ, ਪਠਾਨਕੋਟ ਦੀ ਵਿਸੇਸ ਟੀਮ ਵੱਲੋਂ ਪਿੰਡ ਭੋਆ ਵਿਖੇ ਸਾਂਝਾ ਦੌਰਾ ਕੀਤਾ ਗਿਆ। ਦੌਰੇ ਦੌਰਾਨ ਦੇਖਿਆ ਗਿਆ ਕਿ ' ਸਾਉਣ ' ਨਾਂ ਦੇ ਨਦੀਨ ਨੇ ਕੁੱਝ ਕਿਸਾਨਾਂ ਦੇ ਖੇਤਾਂ ਵਿੱਚ ਕਾਫੀ ਨੁਕਸਾਨ ਕੀਤਾ ਹੈ। ਕਿਸਾਨਾਂ ਦੇ ਖੇਤਾਂ ਵਿੱਚ ਦੌਰਾ ਕਰਦਿਆਂ ਪਾਇਆ ਗਿਆ ਕਿ ਜਿਨ੍ਹਾਂ ਕਿਸਾਨਾਂ ਦੇ ਖੇਤਾਂ ਦੀ ਸਿੰਚਾਈ ਨਹਿਰੀ ਪਾਣੀ ਨਾਲ ਹੁੰਦੀ ਹੈ,ਇਹ ਸਮੱਸਿਆ ਜਿਆਦਾਤਰ ਉਨ੍ਹਾਂ ਖੇਤਾਂ ਵਿੱਚ ਹੀ ਹੈ। ਦੌਰੇ ਦੌਰਾਨ ਪੀ.ਏ.ਯੂ, ਲੁਧਿਆਨਾ ਦੀ ਟੀਮ ਵੱਲੋਂ ਮੌਕੇ ਤੇ ਖੇਤਾਂ ਵਿੱਚੋਂ ' ਸਾਉਣ ' ਨਦੀਨ ਦੀ ਸੈਂਪਲਿੰਗ ਕੀਤੀ ਗਈ। ਜਿਸ ਦੇ ਜੈਨੇਟਿਕ ਬੀਹੇਵਿਅਰ ਤੇ ਵਿਸਲੇਸਣ ਪੀ.ਏ.ਯੂ ਲੁਧਿਆਣਾ ਵੱਲੋਂ ਕੀਤਾ ਜਾਵੇਗਾ ਅਤੇ ਕ੍ਰਿਸੀ ਵਿਗਿਆਨ ਕੇਂਦਰ, ਘੋਹ ਵੱਲੋਂ ਵੀ ਇਸ ਤੇ ਅਧਿਐਨ ਕੀਤਾ ਜਾਵੇਗਾ। ਇਸ ਮੌਕੇ

ਡਾ.ਹਰਤਰਨਪਾਲ ਸਿੰਘ ਸੈਣੀ ਮੁੱਖ ਖੇਤੀਬਾੜੀ ਅਫਸਰ, ਪਠਾਨਕੋਟ ਵੱਲੋਂ ਕਿਸਾਨਾਂ ਨੂੰ ਸਲਾਹ ਦਿੱਤੀ ਗਈ ਕਿ ਆਪਣੀ ਮਰਜੀ ਨਾਲ ਕੋਈ ਵੀ ਨਦੀਨਨਾਸਕ ਦੀ ਸਪਰੇ ਖੇਤ ਵਿੱਚ ਨਾ ਕੀਤੀ ਜਾਵੇ ਅਤੇ ਜਿਹੜੇ ਖੇਤ ਇਸ ਨਦੀਨ ਨਾਲ ਜਿਆਦਾ ਪ੍ਰਭਾਵਿਤ ਹਨ ਉਹ ਜਲਦੀ ਤੋਂ ਜਲਦੀ ਇਸ ਨਦੀਨ ਨੂੰ ਪੁੱਟ ਕੇ ਖੇਤਾਂ ਵਿੱਚੋਂ ਬਾਹਰ ਕੱਢ ਦੇਣ ਤਾਂ ਜੋ ਇਸਦਾ ਹੋਰ ਫੈਲਾਓ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਘਬਰਾਉਂਣ ਦੀ ਲੋੜ ਨਹੀਂ ਕਿਉਂਕਿ ਇਹ ਸਮੱਸਿਆ ਸਿਰਫ ਉਨ੍ਹਾਂ ਖੇਤਾਂ ਤੱਕ ਸੀਮਤ ਹੈ ਜਿਨ੍ਹਾਂ ਖੇਤਾਂ ਵਿੱਚ ਸਿੰਚਾਈ ਨਹਿਰੀ ਪਾਣੀ ਨਾਲ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਅਗਲੇ ਸਾਲ ਇਨ੍ਹਾਂ ਖੇਤਾਂ ਵਿੱਚ ਸਿੱਧੀ ਬਿਜਾਈ ਨਾ ਕਰਨ ਦੀ ਸਲਾਹ ਦਿੱਤੀ।ਇਸ ਸਮੇਂ ਡਾ. ਨਰਿੰਦਰਦੀਪ ਸਿੰਘ ਡਿਪਟੀ ਡਾਇਰੈਕਟਰ ਕੇ.ਵੀ.ਕੇ ਘੋਹ, ਡਾ. ਅਮਿਤ ਕੌਲ ਸਹਾਇਕ ਪ੍ਰੋਫੈਸਰ ਪੀ.ਏ.ਯੂ,ਲੁਧਿਆਣਾ, ਸੀਮਾ ਸਰਮਾ ਸਹਾਇਕ ਪ੍ਰੋਫੈਸਰ ਘੋਹ, ਡਾ. ਪ੍ਰਿਅੰਕਾ ਖੇਤੀਬਾੜੀ ਵਿਕਾਸ ਅਫਸਰ ਦਫਤਰ ਮੁੱਖ ਖੇਤੀਬਾੜੀ ਅਫਸਰ, ਪਠਾਨਕੋਟ, ਸ੍ਰੀ ਅੰਸੂਮਨ ਸਰਮਾ ਖੇਤੀਬਾੜੀ ਉਪ ਨਿਰੀਖਕ ਅਤੇ ਕਿਸਾਨ ਸ੍ਰੀ ਅਭਿਨੰਦਨ, ਸ੍ਰੀ ਰਾਕੇਸ ਸਰਮਾ, ਸ.ਪਰਮਜੀਤ ਸਿੰਘ, ਸ. ਜਸਵੀਰ ਸਿੰਘ, ਸ. ਮੋਹਨ ਸਿੰਘ ਅਤੇ ਹੋਰ ਵੀ ਪਿੰਡ ਵਾਸੀ ਮੌਜੂਦ ਸਨ।

ਸੰਗਰੂਰ : ਪੰਜਾਬ ਨੈਸ਼ਨਲ ਬੈਂਕ ਬ੍ਰਾਂਚ ਸੰਗਰੂਰ ਵੱਲੋਂ ਵਣ ਮਹੋਤਸਵ ਮੌਕੇ ਮੰਗਵਾਲ ਨੇੜੇ ਸਰਕਾਰੀ ਸਮਾਰਟ ਹਾਈ ਸਕੂਲ 'ਚ ਪੌਦਾ ਲਾਇਆ ਗਿਆ। ਇਸ ਮੌਕੇ ਪੰਜਾਬ ਨੈਸ਼ਨਲ ਬੈਂਕ ਦੇ ਖੇਤਰੀ ਪ੍ਰਬੰਧਕ ਸ੍ਰੀ ਸੁਮਿਤ ਅਤੇ ਮੁੱਖ ਮਹਿਮਾਨ ਵਜੋਂ ਸਰਕਲ ਮੁੱਖੀ ਸ੍ਰੀ ਅਨਿਲ ਕੁਮਾਰ ਮਿੱਤਲ ਵੀ ਹਾਜ਼ਰ ਰਹੇ। ਇਸ ਮੌਕੇ ਖੇਤਰੀ ਪ੍ਰਬੰਧਕ ਵੱਲੋਂ ਸਟਾਫ਼ ਮੈਂਬਰ ਤੇ ਹਾਜ਼ਰ ਲੋਕਾਂ ਨੂੰ ਸੰਬੋਧਨ ਕੀਤਾ ਗਿਆ। ਇਸ ਦੌਰਾਨ ਬੈਂਕ ਵੱਲੋਂ ਯਾਦਵਿੰਦਰ ਹੋਟਲ 'ਚ ਲੋਨ ਮੇਲਾ ਵੀ ਲਾਇਆ ਗਿਆ, ਮੇਲੇ ਵਿੱਚ ਪੁੱਜੇ ਲੋਕਾਂ ਨੂੰ ਬੈਂਕ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ ਗਿਆ।


## ਕਲਾਸੀਫਾਈਡ ਇਸ਼ਤਿਹਾਰ

### ਬੇਦਖ਼ਲੀ ਵਾਪਸ

☛ ਮੈਂ, ਗੁਰਚਰਨ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਮਕਾਨ ਨੰਬਰ 17974, ਚੰਦਸਰ ਨਗਰ, ਗਲੀ ਨੰਬਰ 15, ਬਠਿੰਡਾ ਨੇ ਆਪਣੇ ਪੁੱਤਰ ਜੋਰਾ ਸਿੰਘ ਅਤੇ ਉਸਦੀ ਪਤਨੀ ਮਨਜੀਤ ਕੌਰ ਨੂੰ ਬੇਖਦਲ ਕੀਤਾ ਹੋਇਆ ਸੀ। ਹੁਣ ਉਹ ਮੇਰੇ ਕਹਿਣੇ ਵਿੱਚ ਹਨ ਅਤੇ ਮੈਂ ਉਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ।

☛ ਮੈਂ, ਗੁਰਚਰਨ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਮਕਾਨ ਨੰਬਰ 17974, ਚੰਦਸਰ ਨਗਰ, ਗਲੀ ਨੰਬਰ 15, ਬਠਿੰਡਾ ਨੇ ਆਪਣੇ ਪੁੱਤਰ ਕੁਲਦੀਪ ਸਿੰਘ ਅਤੇ ਉਸਦੀ ਪਤਨੀ ਗੀਤਾ ਕੌਰ ਨੂੰ ਬੇਖਦਲ ਕੀਤਾ ਹੋਇਆ ਸੀ। ਹੁਣ ਉਹ ਮੇਰੇ ਕਹਿਣੇ ਵਿੱਚ ਹਨ ਅਤੇ ਮੈਂ ਉਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ।

### ਟਿਊਬਵੈੱਲ ਕੁਨੈਕਸ਼ਨ

☛ ਮੈਂ, ਜੋਗਿੰਦਰ ਸਿੰਘ ਪੁੱਤਰ ਮਿੱਤ ਸਿੰਘ ਵਾਸੀ ਕੱਲ੍ਹਾ ਤਹਿਸੀਲ ਖਡੂਰ ਸਾਹਿਬ (ਤਰਨ ਤਾਰਨ) ਆਪਣੀ ਬੈਅ ਖ਼ਰੀਦੀ ਜਮੀਨ 'ਚ ਪਿੰਡ ਦੁਲਚੀਪੁਰ ਵਿਖੇ ਚੱਲ ਰਿਹਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ.ਪੀ 11/0048ਐੱਲ ਜੋ ਕਿ ਸਵ. ਮਨਜੀਤ ਕੌਰ ਪਤਨੀ ਗੱਜਣ ਸਿੰਘ ਵਾਸੀ ਕੱਲ੍ਹਾ ਦੇ ਨਾਮ ਹੈ ਨੂੰ ਆਪਣੇ ਨਾਮ ਕਰਵਾ ਰਿਹਾਂ ਹਾਂ ਕਿਸੇ ਨੂੰ ਇਤਰਜ ਹੋਵੇ ਤਾਂ 10 ਦਿਨਾਂ ਚ ਪਾਵਰਕਾਮ ਦੇ ਐੱਸ.ਡੀ.ਓ ਨੂੰ ਮਿਲੇ।

### LOST & FOUND

☛ **We,** Aungat Singh , Gurfathe Singh Sons of Satinder Singh R/o 3125, Sector 28-B , Chandigarh have lost the plot registry in Sector 40 Chandigarh, plot detail is plot number 4326-A, Vasika No. 3209, Sunny Enclave Kharar. Aungat Singh ½ , Gurfathe Singh ½ Contact Mob - 99148-55242

### ਨਾਂ ਬਦਲੀ

☛ ਮੈਂ, ਕੁਸਮ ਪਤਨੀ ਵਿਜੇ ਕੁਮਾਰ ਵਾਸੀ ਪੁਰਾਣਾ ਬਾਜ਼ਾਰ ਨੇੜੇ ਕੱਕੜੀਆ ਡੇਅਰੀ ਕੋਟਕਪੂਰਾ (ਫਰੀਦਕੋਟ) ਨੇ ਆਪਣਾ ਨਾਮ ਬਦਲ ਕੇ ਕੁਸਮ ਰਾਣੀ ਰੱਖ ਲਿਆ ਹੈ।

☛ ਮੈਂ, ਗੁਰਮੀਤ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਪਾਲੀਆ ਖੁਰਦ, ਤਹਿਸੀਲ ਨਾਭਾ, ਜਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਨਾਬਾਲਿਗ ਪੁੱਤਰ ਦਾ ਨਾਮ ਹਰਨਿਸ਼ਾਨ ਸਿੰਘ ਤੋਂ ਬਦਲ ਕੇ ਹਰਨਿਸ਼ਾਨ ਸਿੰਘ ਭੰਦੋਹਲ ਰੱਖ ਲਿਆ ਹੈ।

☛ ਮੈਂ, ਪਾਲ ਸਿੰਘ ਪੁੱਤਰ ਹਰਚੰਦ ਸਿੰਘ ਵਾਸੀ ਪਿੰਡ ਗੋਬਿੰਦਪੁਰਾ ਉਰਫ ਜੰਗਪੁਰਾ ਨੇ ਆਪਣਾ ਨਾਂ ਬਦਲ ਕੇ ਗੁਰਪਾਲ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।

☛ ਮੈਂ, HarcharanJeet Singh Randhawa ਪੁੱਤਰ ਕਸ਼ਮੀਰ ਸਿੰਘ ਵਾਸੀ ਮਕਾਨ ਨੰ 182-ਜੀ, ਪ੍ਰਤਾਪ ਨਗਰ ਪਟਿਆਲਾ ਨੇ ਆਪਣਾ ਨਾਂ HarcharanJeet Singh Randhawa ਤੋਂ ਬਦਲ ਕੇ HarcharnJit Singh ਰੱਖ ਲਿਆ ਹੈ।

### ਬੇਦਖ਼ਲੀ ਨੋਟਿਸ

☛ ਮੈਂ, ਦੇਵੀ ਚੰਦ ਪੁੱਤਰ ਰਣਜੀਤ ਸਿੰਘ ਪਿੰਡ ਹੰਡੇਸਰਾ, ਤਹਿਸੀਲ ਡੇਰਾਬੱਸੀ, ਜਿਲ੍ਹਾ ਐਸ.ਏ.ਐਸ ਨਗਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਹਿਲ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰੇ ਤੇ ਮੇਰੇ ਪਰਿਵਾਰਿਕ ਮੈਂਬਰਾਂ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

☛ ਮੈਂ, ਜਸਵਿੰਦਰ ਕੋਰ ਪਤਨੀ ਲੇਟ ਮਹਿੰਦਰ ਸਿੰਘ ਵਾਸੀ ਪਿੰਡ ਛੋਟਾ ਬੰਦੇ ਮਾਹਲ,ਤਹਿਸੀਲ ਵਾ ਜਿਲਾ ਰੂਪਨਗਰ ਨੇ ਆਪਣੇ ਪੁੱਤਰੀ ਗੁਰਮੀਤ ਕੋਰ ਨੂੰ ਕਹਿਣੇ ਤੋ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰ ਦਿੱਤਾ ਹੈ। ਅੱਜ ਤੋ ਬਾਅਦ ਹਰ ਕਿਸਮ ਦੇ ਨਫਾ ਨੁਕਸਾਨ ਦੀ ਇਹ ਖੁੱਦ ਜਿੰਮੇਵਾਰ ਹੋਵੇਗੀ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

ਦੇਸ਼ ਸੇਵਕ ਦੀ ਮੈਨੇਜਮੈਂਟ ਇਸ ਅਖ਼ਬਾਰ 'ਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### ਬਾ ਅਦਾਲਤ ਸਬ ਰਜਿਸਟਰਾਰ ਐਸ. ਏ. ਐਸ. ਨਗਰ (ਮੋਹਾਲੀ)

ਨੋਟਿਸ ਬਨਾਮ ਆਮ ਜਨਤਾ

[illegible]

### ਕੋਰਟ ਨੋਟਿਸ

(Publication under order 5 rule 20 CPC)

ਬਾ ਅਦਾਲਤ ਸ੍ਰੀਮਤੀ ਸੁਖਬੀਰ ਕੌਰ ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ ਤਹਿਸੀਲਦਾਰ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ।

ਦਰਖਾਸਤ ਤਕਸੀਮ ਅਰਾਜੀ ਤਦਾਦੀ 89 ਕਨਾਲ 19 ਮਰਲਾ ਵਾਕਿਆ ਰਕਬਾ ਪਿੰਡ ਬਾਘਾ

ਇਸ਼ਵਰ ਦੇਵੀ ਵਿਧਵਾ ਰਾਜਬੰਤ ਕੁਮਾਰ ਵਗੈਰਾ ਸਾਇਲ ਬਨਾਮ ਕੁਸ਼ੱਲਿਆ ਦੇਵੀ ਵਿਧਵਾ ਓਮ ਪ੍ਰਕਾਸ਼ ਵਗੈਰਾ ਮੌਸੂਲਇਲਮ ਵਾਸੀਆਨ ਪਿੰਡ ਬਾਘਾ ਤਹਿਸੀਲ ਤਲਵੰਡੀ ਸਾਬੋ।

ਮੁੱਦਾਲਾਮ ਜਿਨ੍ਹਾਂ ਦੇ ਨਾਮ ਸੰਤੋਸ਼ ਰਾਣੀ ਪੁੱਤਰੀ ਹੇਮ ਰਾਜ, ਗੁਰਦੇਵ ਕੌਰ ਪੁੱਤਰੀ ਬਿਸ਼ਨਾ, ਰਾਮ ਕੌਰ ਪੁੱਤਰੀ ਬਿਸ਼ਨਾ, ਜਸਵੀਰ ਸਿੰਘ ਪੁੱਤਰ ਧਰਮ ਸਿੰਘ, ਮੀਰਾ ਦੇਵੀ ਵਿਧਵਾ ਤਰਸੇਮ ਕੁਮਾਰ, ਸੰਦੀਪ ਕੁਮਾਰ ਪੁੱਤਰ ਤਰਸੇਮ ਕੁਮਾਰ, ਸੁਨੀਤਾ ਦੇਵੀ ਪੁੱਤਰੀ ਤਰਸੇਮ ਕੁਮਾਰ, ਮਮਤਾ ਦੇਵੀ ਪੁੱਤਰੀ ਤਰਸੇਮ ਕੁਮਾਰ, ਇਸ਼ਵਰ ਉਰਫ ਭੋਲੀ ਪੁੱਤਰੀ ਮੋਹਨ ਲਾਲ, ਵੀਰਪਾਲ ਕੌਰ ਵਿਧਵਾ ਬਲਰਾਜ ਸਿੰਘ, ਰਮਨਦੀਪ ਸਿੰਘ ਪੁੱਤਰ ਬਲਰਾਜ ਸਿੰਘ ਅਤੇ ਅਮਨਦੀਪ ਸਿੰਘ ਪੁੱਤਰ ਬਲਰਾਜ ਸਿੰਘ ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਹਨ, ਸਮੇਤ ਹਰ ਆਮ ਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਇਸ਼ਵਰ ਦੇਵੀ ਵਿਧਵਾ ਰਾਜਵੰਤ ਕੁਮਾਰ ਵਾਸੀ ਪਿੰਡ ਬਾਘਾ, ਤਹਿਸੀਲ ਤਲਵੰਡੀ ਜ਼ਿਲ੍ਹਾ ਬਠਿੰਡਾ ਵੱਲੋਂ ਇੱਕ ਦਰਖਾਸਤ ਤਕਸੀਮ ਅਰਾਜੀ ਤਦਾਦੀ 89 ਕਨਾਲ 19 ਮਰਲਾ ਖੇਵਟ ਨੰ. 366 ਖਤੌਨੀ ਨੰ. 925 ਤੋਂ 933 ਜਮਾਂਬੰਦੀ ਸਾਲ 2016-17 ਵਾਕਿਆ ਰਕਬਾ ਬਾਘਾ, ਤਹਿਸੀਲ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ। ਇਸ ਅਦਾਲਤ ਵਿੱਚ ਦਾਇਰ ਕੀਤੀ ਗਈ ਹੈ। ਇਸ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਉਕਤ ਰਸਪਾਡੈਂਟ, ਮੌਸੂਲਇਲਮ ਦੀ ਸਾਧਾਰਣ ਤਰੀਕੇ ਨਾਲ ਇਤਲਾਹ ਨਹੀਂ ਹੋ ਸਕਦੀ। ਸਾਇਲ ਨੇ ਬਿਆਨ ਹਲਫੀਆ ਦੇ ਕੇ ਬੇਨਤੀ ਹੈ ਕਿ ਉਨ੍ਹਾਂ ਪਾਸ ਬਾਕੀ ਰਹਿੰਦਿਆਂ ਧਿਰਾਂ ਦੇ ਸਹੀ ਪਤੇ ਮਾਲੂਮ ਨਹੀਂ ਹਨ। ਲਿਹਾਜ਼ਾ ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਸਮੇਤ ਉਕਤ ਮਦਾਲਮਾਂ ਅਤੇ ਉਨ੍ਹਾਂ ਦੇ ਵਾਰਸਾਂ (ਜੇ ਕੋਈ ਹੋਵੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਇਸ ਦਰਖਾਸਤ ਤਕਸੀਮ ਸਬੰਧੀ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਇਸ ਇਸ਼ਤਿਹਾਰ ਦੇ ਜਾਰੀ ਹੋਣ ਤੋਂ 21 ਦਿਨਾਂ ਦੇ ਅੰਦਰ ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿਚ ਅਸਾਲਤਨ ਜਾਂ ਵਕਾਲਤਨ ਪੇਸ਼ ਹੋ ਕੇ ਆਪਣਾ ਪੱਖ ਰੱਖ ਸਕਦਾ ਹੈ। ਨਾ ਪੇਸ਼ ਹੋਣ ਦੀ ਸੂਰਤ ਵਿੱਚ ਕਾਰਵਾਈ ਇਕ ਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਗੁਜ਼ਰਨੇ ਮਿਆਦ ਕਾਬਲੇ ਸਮਾਇਤ ਨਾ ਹੋਵੇਗਾ। ਇਹ ਨੋਟਿਸ ਅੱਜ ਮਿਤੀ 28-07-21 ਨੂੰ ਮੇਰੇ ਦਸਤਖਤ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਪਹਿਲਾ,
ਤਹਿਸੀਲਦਾਰ ਤਲਵੰਡੀ ਸਾਬੋ,
ਜ਼ਿਲ੍ਹਾ ਬਠਿੰਡਾ

### ਦ ਚੰਡੀਗੜ੍ਹ ਸਰਵਹਿਤਕਾਰੀ ਕੋਪ-ਆਪਰੇਟਿਵ ਐਚ/ਬੀ. ਪਹਿਲੀ ਸੁਸਾਇਟੀ ਲਿਮ., ਪਲਾਟ ਨੰ 1, ਸੈਕਟਰ 48ਏ, ਚੰਡੀਗੜ੍ਹ

(ਰਜਿ. ਨੰ 609 ਮਿਤੀ : 09.05.2003)

ਨੰਬਰ CSCHBS/Transfer/635/2021 ਮਿਤੀ : 28.07.2021

**ਪਬਲਿਕ ਨੋਟਿਸ**

ਹੇਠ ਦਰਸ਼ਾਏ ਵਿਅਕਤੀਆਂ ਨੇ ਚੰਡੀਗੜ੍ਹ ਸਰਵਹਿੱਤਕਾਰੀ ਕੋਆਪ ਐਚ/ਬੀ ਪਹਿਲੀ ਸੁਸਾਇਟੀ ਲਿਮਿਟਡ ਦੇ ਹਿੱਸੇ/ਡਵੈਲਿੰਗ ਯੂਨਿਟ ਦੀ ਅਸਲ ਅਲਾਟੀ ਦੇ ਨਾਂ ਤੋਂ ਚੰਡੀਗੜ੍ਹ ਪ੍ਰਸ਼ਾਸਨ ਦੀ ਪਾਲਸੀ ਤਹਿਤ ਰਾਹੀਂ ਚੰਡੀਗੜ੍ਹ ਪ੍ਰਸ਼ਾਸਨ ਵਿੱਤ ਵਿਭਾਗ ਦੇ ਨੋਟੀਫਿਕੇਸ਼ਨ ਨੰ. 31/1/452-UTFI(4)-2018/21050 ਮਿਤੀ 14.11.2018, ਅਤੇ ਪੱਤਰ ਨੰ.31/1/452-UTF1(4)-2020/9300 ਮਿਤੀ 9.07.2020 ਅਤੇ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਿਦਾਇਤਾਂ/ਨੋਟੀਫਿਕੇਸ਼ਨਾਂ ਤਹਿਤ ਆਪਣੇ ਨਾਂ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ।

| ਬਿਨੈਕਾਰ/ ਟ੍ਰਾਂਸਫਰੀ/ ਖਰੀਦਦਾਰ ਦਾ ਨਾਂ ਸ੍ਰੀ/ਸ੍ਰੀਮਤੀ | ਸਟੇਟਸ | ਅਸਲ ਅਲਾਟੀ ਦਾ ਨਾਂ ਸ੍ਰੀ/ਸ੍ਰੀਮਤੀ | ਸਟੇਟਸ | ਫਲੈਟ ਨੰ / ਮੰਜਿਲ | ਕੈਟ.. |
|---|---|---|---|---|---|
| ਪੂਨਮ ਬਾਲਾ ਪਤਨੀ ਸ੍ਰੀ ਰਮੇਸ਼ ਚੰਦ ਗਰਗ | ਖਰੀਦਦਾਰ | ਮਨਜੀਤ ਕੌਰ ਧਾਮੀ | ਅਸਲ ਅਲਾਟੀ | 635/ ਪਹਿਲੀ ਮੰਜਿਲ | ਏ |

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਫਲੈਟ ਦੀ ਤਬਦੀਲੀ ਸਬੰਧੀ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ ਲਿਖਤੀ ਤੌਰ 'ਤੇ ਇਸ ਨੋਟਿਸ ਦੇ ਪ੍ਰਕਾਸ਼ਨ ਦੇ 30 ਦਿਨਾਂ ਦੇ ਅੰਦਰ ਦਸਤਾਵੇਜ਼ੀ ਸਬੂਤਾਂ ਦੇ ਨਾਲ ਨਿਮਨ ਹਸਤਾਖਰੀ ਨੂੰ ਭੇਜ ਸਕਦਾ ਹੈ। ਬਿਨਾਂ ਸਬੂਤਾਂ ਦੇ ਇਤਰਾਜ 'ਤੇ ਵਿਚਾਰ ਨਹੀਂ ਕੀਤੀ ਜਾਵੇਗੀ।

ਪ੍ਰਧਾਨ/ਸਕੱਤਰ

### ਪਬਲਿਕ ਨੋਟਿਸ

**ਸਨਮੁੱਖ ਸ੍ਰੀ ਮਨੀਸ਼ ਕੁਮਾਰ ਲੋਹਾਨ, ਐਚਸੀਐਸ, ਅਸਿਸਟੈਂਟ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ (ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ)**

ਵਿਸ਼ਾ : ਬਣਿਆ ਬੂਥ ਨੰ. 111, ਸੈਕਟਰ 11, ਯੂਟੀ, ਚੰਡੀਗੜ੍ਹ (ਆਰਬੀਐਲ 2694) ਦੇ 100 ਫੀਸਦੀ ਹਿੱਸੇ ਦੇ ਲੀਜ਼ ਹੋਲਡ ਹੱਕ ਸਵ. ਸ੍ਰੀ ਹੇਮ ਰਾਜ ਦੀ ਮਿਤੀ 4.2.2021 ਨੂੰ ਹੋਈ ਬਿਨਾਂ ਵਸੀਅਤ ਮੌਤ ਦੇ ਆਧਾਰ 'ਤੇ ਸਵ. ਸ੍ਰੀ ਹੇਮ ਰਾਜ ਦੇ ਨਾਂ ਤੋਂ ਸ੍ਰੀਮਤੀ ਰੁਕਮਣੀ ਪਤਨੀ ਸਵ. ਸ੍ਰੀ ਹੇਮ ਰਾਜ ਅਤੇ ਸ੍ਰੀ ਚਿਰਾਗ ਸ਼ਰਮਾ ਪੁੱਤਰ ਸਵ. ਸ੍ਰੀ ਹੇਮ ਰਾਜ ਦੇ ਨਾਂ ਤਬਦੀਲ ਕਰਨ ਸਬੰਧੀ।

ਆਮ ਜਨ ਸਧਾਰਨ ਤੇ ਸਾਰੇ ਸਬੰਧੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਮੁਤਾਬਕ ਬਣਿਆ ਬੂਥ ਨੰ. 111, ਸੈਕਟਰ 11, ਯੂਟੀ, ਚੰਡੀਗੜ੍ਹ ਦਾ 100 ਫੀਸਦੀ ਹਿੱਸਾ ਸਵ. ਸ੍ਰੀ ਹੇਮ ਰਾਜ ਦੇ ਨਾਂ ਹੈ। ਹੁਣ ਸ੍ਰੀਮਤੀ ਰੁਕਮਣੀ ਪਤਨੀ ਸਵ. ਸ੍ਰੀ ਹੇਮ ਰਾਜ ਅਤੇ ਸ੍ਰੀ ਚਿਰਾਗ ਸ਼ਰਮਾ ਪੁੱਤਰ ਸਵ. ਸ੍ਰੀ ਹੇਮ ਰਾਜ ਨੇ ਦੱਸਿਆ ਹੈ ਕਿ ਸ੍ਰੀ ਹੇਮ ਰਾਜ ਦੀ ਮੌਤ ਮਿਤੀ 4.2.2021 ਨੂੰ ਹੋ ਚੁੱਕੀ ਹੈ ਅਤੇ ਉਨ੍ਹਾਂ ਨੇ ਬਣੇ ਬੂਥ ਨੰ. 111, ਸੈਕਟਰ 11, ਯੂਟੀ, ਚੰਡੀਗੜ੍ਹ ਦੇ 100 ਫੀਸਦੀ ਹਿੱਸੇ ਦੇ ਲੀਜ਼ ਹੋਲਡ ਹੱਕ ਸਵ. ਸ੍ਰੀ ਹੇਮ ਰਾਜ ਦੀ ਬਿਨਾਂ ਵਸੀਅਤ ਮੌਤ ਦੇ ਆਧਾਰ 'ਤੇ ਆਪਣੇ ਨਾਂ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ ਅਤੇ ਦੱਸਿਆ ਹੈ ਕਿ ਸਵਰਗਵਾਸੀ ਦੇ ਕਾਨੂੰਨੀ ਵਾਰਸਾਂ ਦੇ ਨਾਂ ਹੇਠ ਮੁਤਾਬਿਕ ਹਨ:

1. ਸ੍ਰੀਮਤੀ ਰੁਕਮਣੀ-ਪਤਨੀ
2. ਸ੍ਰੀ ਚਿਰਾਗ ਸ਼ਰਮਾ-ਪੁੱਤਰ

ਜੇਕਰ ਕਿਸੇ ਵਿਅਕਤੀ ਨੂੰ ਸਵਰਗਵਾਸੀ ਦੇ ਉਪਰੋਕਤ ਕਾਨੂੰਨੀ ਵਾਰਸਾਂ ਤੋਂ ਇਲਾਵਾ ਕਿਸੇ ਹੋਰ ਵਾਰਸ ਦੀ ਜਾਣਕਾਰੀ ਹੈ ਤਾਂ ਉਹ ਅਸਟੇਟ ਦਫ਼ਤਰ, ਯੂਟੀ, ਚੰਡੀਗੜ੍ਹ ਵਿਖੇ ਫੌਰਨ ਸੂਚਿਤ ਕਰੇ।

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਦੀ ਮਲਕੀਅਤ ਉਪਰੋਕਤ ਬਿਨੈਕਾਰਾਂ ਦੇ ਪੱਖ ਵਿਚ ਕੀਤੇ ਜਾਣ 'ਚ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਲਿਖਤੀ ਤੌਰ 'ਤੇ ਨਿਮਨਹਸਤਾਖਰੀ ਦੇ ਦਫ਼ਤਰ ਵਿਚ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਭੇਜ ਸਕਦਾ ਹੈ। ਅਜਿਹਾ ਨਾ ਹੋਣ 'ਤੇ ਉਪਰੋਕਤ ਜਾਇਦਾਦ ਦੇ ਦਰਸ਼ਾਏ ਹਿੱਸੇ ਦਾ ਇੰਤਕਾਲ ਇਸ ਅਨੁਸਾਰ ਕਰਨ ਦਾ ਇੰਦਰਾਜ ਕਰ ਦਿੱਤਾ ਜਾਵੇਗਾ ਅਤੇ ਇਸ ਉਪਰੰਤ ਕਿਸੇ ਦਾਅਵੇ ਨੂੰ ਮੰਨਿਆ ਨਹੀਂ ਜਾਵੇਗਾ।

ਸ੍ਰੀ ਮਨੀਸ਼ ਕੁਮਾਰ ਲੋਹਾਨ, ਐਚਸੀਐਸ, ਅਸਿਸਟੈਂਟ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ (ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ)

### ਸਟੀਲ ਸਟਰਿਪਸ ਵੀਲ੍ਹਜ ਲਿਮਿਟਡ

ਸੀਆਈਐਨ. L27107PB1985PLC006159

ਰਜਿ. ਦਫ਼ਤਰ : ਪਿੰਡ ਸੋਮਾਲਹੇੜੀ/ਲਹਿਲੀ, ਡਾਕਖਾਨਾ ਦੱਪਰ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐਸਏਐਸ ਨਗਰ ਮੋਹਾਲੀ ਪੰਜਾਬ

ਫੋਨ. +91-172-2793112, ਫੈਕਸ. +91-172-2794834,

ਈਮੇਲ. ssl_ssg@glide.net.in ਵੈਬਸਾਈਟ www.sswlindia.com

**ਸ਼ੇਅਰਧਾਰਕਾਂ ਨੂੰ ਨੋਟਿਸ**

**(ਕੰਪਨੀ ਦੇ ਇਕੁਇਟੀ ਸ਼ੇਅਰਾਂ ਦੀ ਨਿਵੇਸ਼ਕ ਸਿੱਖਿਆ ਅਤੇ ਸੁਰੱਖਿਆ ਫੰਡ ਅਥਾਰਟੀ (ਆਈਈਪੀਐਫ਼) ਵਿਖੇ ਤਬਦੀਲੀ ਲਈ)**

ਕੰਪਨੀ ਐਕਟ 2013 ਦੇ ਸੈਕਸ਼ਨ 124 ਦੀਆਂ ਤਜ਼ਵੀਜ਼ਾਂ ਤਹਿਤ ਜਿਸ ਨੂੰ ਨਿਵੇਸ਼ਕ ਸਿੱਖਿਆ ਅਤੇ ਸੁਰੱਖਿਆ ਫੰਡ ਅਥਾਰਟੀ (ਲੇਖੇ, ਆਡਿਟ, ਤਬਦੀਲੀ ਅਤੇ ਰੀਫੰਡ) ਰੂਲ 2016, ਜਿਹੜੇ ਸਮੇਂ-ਸਮੇਂ 'ਤੇ ਸੋਧੇ ਗਏ ('ਰੂਲਜ਼') ਦੀਆਂ ਸ਼ਰਤਾਂ ਅਨੁਸਾਰ ਮੈਂਬਰਾਂ ਨੂੰ ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ 31 ਮਾਰਚ 2014 ਨੂੰ ਖਤਮ ਹੋਏ ਵਿੱਤੀ ਸਾਲ ਦੇ ਦਾਅਵਾ ਨਹੀਂ ਕੀਤੇ ਗਏ ਲਾਭਅੰਸ਼ ਅਤੇ ਉਨ੍ਹਾਂ ਦੇ ਪ੍ਰਸਪਰ ਸ਼ੇਅਰ ਜਿਸ ਦੇ ਲਾਭਅੰਸ਼ ਲਈ ਮਿਤੀ 31 ਮਾਰਚ 2014 ਨੂੰ ਖਤਮ ਹੋਏ ਵਿੱਤੀ ਸਾਲ ਤੋਂ ਲਗਾਤਾਰ 7 ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਕੋਈ ਦਾਅਵਾ ਨਹੀਂ ਕੀਤਾ ਗਿਆ, ਨੂੰ ਨਿਵੇਸ਼ਕ ਸਿੱਖਿਆ ਅਤੇ ਸੁਰੱਖਿਆ ਫੰਡ ਅਥਾਰਟੀ ਵਿਖੇ 5 ਨਵੰਬਰ 2021 ਨੂੰ ਤਬਦੀਲ ਕੀਤੇ ਜਾਣੇ ਹਨ।

ਨਿਯਮਾਂ ਤਹਿਤ ਕੰਪਨੀ ਨੇ ਵਿੱਤੀ ਸਾਲ 2020-21 ਦਰਮਿਆਨ ਵਿੱਤੀ ਸਾਲ 2012-13 ਦੇ ਬਿਨਾਂ ਦਾਅਵਾ ਜਾਂ ਅਦਾਇਗੀ ਵਾਲੇ ਲਾਭਅੰਸ਼ ਅਤੇ ਉਹ ਸਾਰੇ ਸ਼ੇਅਰ ਜਿਨ੍ਹਾਂ ਦੇ ਲਾਭਅੰਸ਼ ਦੀ ਅਦਾਇਗੀ ਜਾਂ ਦਾਅਵਾ ਲਗਾਤਾਰ ਸੱਤ ਸਾਲਾਂ ਜਾਂ ਇਸ ਤੋਂ ਵੱਧ ਸਮੇਂ ਲਈ ਨਹੀਂ ਕੀਤਾ ਗਿਆ ਨੂੰ ਪਹਿਲਾਂ ਹੀ ਆਈਈਪੀਐਫ ਅਥਾਰਟੀ ਵਿਖੇ ਤਬਦੀਲ ਕਰ ਦਿੱਤਾ ਸੀ।

ਕੰਪਨੀ ਨੇ ਸਬੰਧਤ ਸ਼ੇਅਰਧਾਰਕਾਂ ਦਾ ਪੂਰਾ ਵੇਰਵਾ ਜਿਵੇਂ ਕਿ ਸ਼ੇਅਰ ਧਾਰਕਾਂ ਦੇ ਨਾਂ, ਪਤਾ, ਉਨ੍ਹਾਂ ਦੇ ਫੋਲੀਓ ਨੰ. ਜਾਂ ਡੀਪੀ-ਆਈਡੀ, ਕਲਾਇੰਟ ਆਈਡੀ ਅਤੇ ਸ਼ੇਅਰਾਂ ਦੀ ਸੰਖਿਆ ਜੋ ਕਿ ਆਈਈਪੀਐਫ ਵਿਖੇ ਤਬਦੀਲ ਕੀਤੇ ਜਾਣੇ ਹਨ, ਆਪਣੀ ਵੈਬਸਾਈਟ ਦੇ ਵੈਬਲਿੰਕ **https://www.sswlindia.com/wpcontent/themes/sswl/assets/docs/details-of-shares-to-be-transferred-to-IEPF(05.11.2021).pdf.** 'ਤੇ ਅਪਲੋਡ ਕੀਤਾ ਹੈ। ਇਸ ਸਬੰਧ ਵਿੱਚ ਸਬੰਧਤ ਸ਼ੇਅਰ ਧਾਰਕਾਂ ਨੂੰ ਸਹੀ ਕਾਰਵਾਈ ਕਰਨ ਲਈ ਕੰਪਨੀ ਵਿਖੇ ਉਨ੍ਹਾਂ ਦੇ ਰਜਿਸ਼ਟਰਡ ਪਤੇ 'ਤੇ ਵੱਖਰੇ ਪੱਤਰ ਵੀ ਭੇਜੇ ਗਏ ਹਨ।

ਸ਼ੇਅਰਧਾਰਕ ਜਿਨ੍ਹਾਂ ਦੇ ਸ਼ੇਅਰ ਭੌਤਿਕ ਰੂਪ ਵਿੱਚ ਹਨ ਅਤੇ ਉਨ੍ਹਾਂ ਦੇ ਸ਼ੇਅਰ ਆਈਈਪੀਐਫ ਵਿਖੇ ਤਬਦੀਲ ਹੋਣੇ ਹਨ ਕ੍ਰਿਪਾ ਨੋਟ ਕਰਨ ਕਿ ਕੰਪਨੀ ਨਿਯਮਾਂ ਮੁਤਾਬਕ ਅਸਲ ਸ਼ੇਅਰ ਸਰਟੀਫਿਕੇਟਾਂ ਦੀ ਬਜਾਏ ਸ਼ੇਅਰ ਸਰਟੀਫਿਕੇਟਾਂ ਦੀ ਨਕਲ ਜਾਰੀ ਕਰੇਗਾ ਤਾਂ ਜੋ ਇਹ ਸ਼ੇਅਰ ਆਈਈਪੀਐਫ ਅਥਾਰਟੀ ਦੇ ਡੀਮੈਟ ਖ਼ਾਤੇ ਵਿਖੇ ਤਬਦੀਲ ਕੀਤੇ ਜਾ ਸਕਣ ਅਤੇ ਇਸ ਉਪਰੰਤ ਅਸਲ ਸਰਟੀਫਿਕੇਟ ਉਨ੍ਹਾਂ ਦੇ ਨਾਂ 'ਤੇ ਰਜਿਸਟਰਡ ਹਨ ਖਾਰਜ ਹੋ ਜਾਣਗੇ ਅਤੇ ਇਨ੍ਹਾਂ ਸਰਟੀਫਕੇਟਾਂ ਨੂੰ ਗੈਰ ਸਮਝੌਤਾ ਸਮਝਿਆ ਜਾਵੇਗਾ। ਸ਼ੇਅਰਧਾਰਕ ਜਿਨ੍ਹਾਂ ਦੇ ਸ਼ੇਅਰ ਡੀਮੈਟਰਲਾਈਜ਼ ਰੂਪ ਵਿੱਚ ਹਨ ਅਤੇ ਇਹ ਸ਼ੇਅਰ ਆਈਈਪੀਐਫ ਅਥਾਰਟੀ ਵਿਖੇ ਤਬਦੀਲ ਹੋਣੇ ਹਨ ਕ੍ਰਿਪਾ ਕਰਕੇ ਨੋਟ ਕਰਨ ਕਿ ਕੰਪਨੀ ਕਾਰਪੋਰੇਟ ਤਰੀਕੇ ਨਾਲ ਡੀਪਾਜ਼ਟਰੀ ਨੂੰ ਇਸ ਸਬੰਧੀ ਜਾਣਕਾਰੀ ਦੇਵੇਗੀ ਤਾਂ ਜੋ ਇਨ੍ਹਾਂ ਸ਼ੇਅਰਾਂ ਨੂੰ ਆਈਈਪੀਐਫ ਅਥਾਰਟੀ ਦੇ ਡੀਮੈਟ ਖਾਤੇ ਵਿਖੇ ਤਬਦੀਲ ਕੀਤਾ ਜਾ ਸਕੇ।

ਸਬੰਧਤ ਸ਼ੇਅਰਧਾਰਕਾਂ ਨੂੰ ਬੇਨਤੀ ਹੈ ਕਿ ਉਹ ਮਿਤੀ 4 ਨਵੰਬਰ 2021 ਤੱਕ ਦਾਅਵਾ ਨਹੀਂ ਕੀਤੇ ਗਏ ਲਾਭਅੰਸ਼ ਲਈ ਦਾਅਵਾ ਪੇਸ਼ ਕਰਨ, ਅਸਫਲ ਰਹਿਣ 'ਤੇ ਕੰਪਨੀ ਸਬੰਧਤ ਸ਼ੇਅਰਾਂ ਨੂੰ ਬਿਨਾਂ ਕਿਸੇ ਹੋਰ ਨੋਟਿਸ ਦੇ ਨਿਯਮਾਂ ਵਿੱਚ ਦਰਸਾਈ ਵਿਧੀ ਤਹਿਤ ਆਈਈਪੀਐਫ ਅਥਾਰਟੀ ਡੀਮੈਟ ਖਾਤੇ ਵਿਖੇ ਤਬਦੀਲ ਕਰ ਦੇਵੇਗੀ।

ਕ੍ਰਿਪਾ ਨੋਟ ਕਰੋ ਕਿ ਦਾਅਵਾ ਨਹੀਂ ਕੀਤੇ ਗਏ ਲਾਭਅੰਸ਼ ਅਤੇ ਸ਼ੇਅਰ ਜੋ ਕਿ ਆਈਈਪੀਐਫ ਅਥਾਰਟੀ ਵਿਖੇ ਤਬਦੀਲ ਹੋ ਚੁੱਕੇ ਹਨ ਲਈ ਕੰਪਨੀ 'ਤੇ ਕੋਈ ਦਾਅਵਾ ਨਹੀਂ ਬਣਦਾ। ਸ਼ੇਅਰਧਾਰਕ ਲਾਭਅੰਸ਼ ਅਤੇ ਸਬੰਧਤ ਸ਼ੇਅਰਾਂ ਲਈ ਜੋ ਆਈਈਪੀਐਫ ਅਥਾਰਟੀ ਵਿਖੇ ਤਬਦੀਲ ਹੋ ਚੁੱਕੇ ਹਨ, ਸਮੇਤ ਅਜਿਹੇ ਸ਼ੇਅਰਾਂ 'ਤੇ ਬਣਦੇ ਲਾਭ, ਜੇ ਕੋਈ ਹੈ, ਦਾ ਦਾਅਵਾ ਨਿਯਮਾਂ ਵਿੱਚ ਦਰਸਾਈ ਵਿਧੀ ਮੁਤਾਬਕ ਆਈਈਪੀਐਫ ਅਥਾਰਟੀ ਵਿਖੇ ਕਰ ਸਕਦੇ ਹਨ।

ਇਸ ਸਬੰਧ ਵਿੱਚ ਅਤੇ ਨਿਯਮਾਂ ਸਬੰਧੀ ਸ਼ੇਅਰ ਧਾਰਕਾਂ ਨੂੰ ਜੇਕਰ ਕੋਈ ਜਾਣਕਾਰੀ ਚਾਹੀਦੀ ਹੈ ਤਾਂ ਉਹ ਕੰਪਨੀ ਦੇ ਰਜਿਸਟਰਾਰ ਅਤੇ ਟ੍ਰਾਂਸਫਰ ਏਜੰਟ, ਲਿੰਕ ਇਨਟਾਈਮ ਇੰਡੀਆ ਪ੍ਰਾ. ਲਿਮ. ਨੋਬਲ ਹਾਈਟਸ, ਪਹਿਲੀ ਮੰਜ਼ਿਲ, ਪਲਾਟ ਨੰ. ਐਨਐਚ-2, ਸੀ-1 ਬਲਾਕ, ਐਲਐਸਸੀ, ਨੇੜੇ ਸਾਵਿੱਤਰੀ ਮਾਰਕਿਟ, ਜਨਕਪੁਰੀ, ਨਵੀਂ ਦਿੱਲੀ, 110058, ਫੋਨ. 011-49411000, 41410592,93,94, ਫੈਕਸ 011-41410591, ਈਮੇਲ delhi@linkintime.co.in ਨੂੰ ਸੰਪਰਕ ਕਰ ਸਕਦੇ ਹੋ।

ਲਈ ਸਟੀਲ ਸਟਰਿਪਸ ਵੀਲ੍ਹਜ ਲਿਮਿਟਡ
ਸਹੀ/-
ਆਂਧਰਾ ਵੀਤਿਲ ਉਨੀਕ੍ਰਿਸ਼ਨਨ
ਡੀਪ. ਮੈਨੇਜਿੰਗ ਡਾਇਰੈਕਟਰ

ਮਿਤੀ : 28.07.2021
ਸਥਾਨ : ਚੰਡੀਗੜ੍ਹ

### ਪਬਲਿਕ ਨੋਟਿਸ

**ਜਾਇਦਾਦ/ਫਲੈਟ ਦੀ ਸਬ-ਕਨਵੇਨਸ ਡੀਡ ਦੀ ਤਬਦੀਲੀ**

ਆਮ ਜਨਸਾਧਾਰਨ ਤੇ ਸਾਰੇ ਸਬੰਧੀਆਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਦਾ ਪਿੰਕ ਰੋਜ਼ ਕੋ-ਆਪ ਐਚ/ਬੀ (ਪਹਿਲੀ) ਸੁਸਾਇਟੀ ਲਿਮਿਟਡ, ਪਲਾਟ ਨੰ. 12, ਸੈਕਟਰ 49 ਡੀ, ਚੰਡੀਗੜ੍ਹ ਦੇ ਹੇਠ ਦਰਸ਼ਾਏ ਟਰਾਂਸਫਰੀ/ਫਲੈਟ ਦੇ ਨੋਮਿਨੀ/ਮੈਂਬਰਸ਼ਿਪ ਨੇ ਹੇਠ ਦਰਸ਼ਾਏ ਫਲੈਟਾਂ ਦੀ ਸਬ ਕਨਵੇਨਸ ਡੀਡ ਆਪਣੇ ਨਾਂ ਬਣਾਉਣ ਲਈ ਬੇਨਤੀ ਕੀਤੀ ਹੈ।

| ਲੜੀ ਨੰ. | ਅਸਲ ਅਲਾਟੀ ਮੈਂਬਰਾਂ ਦੇ ਨਾਂ (ਸ੍ਰੀ/ਸ੍ਰੀਮਤੀ) | ਫਲੈਟ ਨੰ./ ਕੈਟ./ਮੰਜਿਲ | ਮੈਂਬਰਸ਼ਿਪ ਨੰਬਰ | ਟਰਾਂਸਫਰੀ ਦੇ ਨਾਂ (ਸ੍ਰੀ/ਸ੍ਰੀਮਤੀ) | ਸਬ ਕਨਵੇਨਸ ਡੀਡ ਲਈ ਬਿਨੈਕਾਰਾਂ ਦੇ ਨਾਂ (ਸ੍ਰੀ/ਸ੍ਰੀਮਤੀ) |
|---|---|---|---|---|---|
| 1. | ਧਰਮ ਬੀਰ ਪੁੱਤਰ ਜੀਵਨ ਰਾਮ | 3131/ਬੀ/ ਦੂਜੀ | 418 | ਗੌਰਵ ਕਪਿਲਾ ਪੁੱਤਰ ਨਰੇਸ਼ ਕੁਮਾਰ ਕਪਿਲਾ | ਗੌਰਵ ਕਪਿਲਾ ਪੁੱਤਰ ਨਰੇਸ਼ ਕੁਮਾਰ ਕਪਿਲਾ |
| 2. | ਜਸਵੰਤ ਕੌਰ ਪਤਨੀ ਸਵ. ਨਰਿੰਦਰ ਸਿੰਘ | 3147/ ਬੀ/ਤੀਜੀ | 242 | ਪਹਿਲਾ ਟਰਾਂਸਫਰੀ ਵਿਸ਼ਾਲ ਢੱਲ ਪੁੱਤਰ ਓਮ ਪ੍ਰਕਾਸ਼ ਢੱਲ | ਈਤਿਅੰਤ ਕੌਰ ਪਤਨੀ ਸੇਵਾਮੁਕਤ ਕਰਨਲ ਸਵ. ਇੰਦਰਪਾਲ ਸਿੰਘ ਪੂਨੀਆ (ਮੌਤ ਦਾ ਮਾਮਲਾ) |
| | | | | ਦੂਜਾ ਟਰਾਂਸਫਰੀ ਸੇਵਾ ਮੁਕਤ ਕਰਨਲ ਇੰਦਰਪਾਲ ਸਿੰਘ ਪੂਨੀਆ ਪੁੱਤਰ ਏਅਰ ਵਾਈਸ ਮਾਰਸ਼ਲ (ਸੇਵਾਮੁਕਤ) ਗੁਰਦਿਆਲ ਸਿੰਘ ਪੂਨੀਆ | ਸੇਵਾਮੁਕਤ ਕਰਨਲ ਸਵ. ਇੰਦਰਪਾਲ ਸਿੰਘ ਪੂਨੀਆ ਦਾ ਨੋਮਨੀ |

ਜੇਕਰ ਕਿਸੇ ਨੂੰ ਉਪਰੋਕਤ ਫਲੈਟਾਂ ਦੀ ਸਬ-ਕਨਵੇਨਸ ਡੀਡ/ਹੱਕਾਂ ਦੀ ਤਬਦੀਲੀ ਸਬੰਧੀ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਲਿਖਤੀ ਤੌਰ 'ਤੇ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਨਿਮਨਹਸਤਾਖਰੀ ਨੂੰ ਦਸਤਾਵੇਜ਼ੀ ਸਬੂਤਾਂ ਦੇ ਨਾਲ ਭੇਜ ਸਕਦੇ ਹਨ ਨਹੀਂ ਤਾਂ ਉਪਰੋਕਤ ਫਲੈਟਾਂ ਦੀ ਸਬ-ਕਨਵੇਨਸ ਡੀਡ/ ਹੱਕਾਂ ਦੀ ਤਬਦੀਲੀ ਬਿਨੈਕਾਰ ਦੇ ਪੱਖ ਵਿੱਚ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਬਿਨਾਂ ਦਸਤਾਵੇਜ਼ੀ ਸਬੂਤਾਂ ਦੇ ਇਤਰਾਜ਼ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਦਾ ਪਿੰਕ ਰੋਜ਼ ਕੋ-ਆਪ ਐਚ/ਬੀ (ਪਹਿਲੀ) ਸੁਸਾਇਟੀ ਲਿਮਿਟਡ, ਪਲਾਟ ਨੰ. 12, ਸੈਕਟਰ 49 ਡੀ, ਚੰਡੀਗੜ੍ਹ ਪ੍ਰਧਾਨ

### ਕੇਨਰਾ ਬੈਂਕ (ਭਾਰਤ ਸਰਕਾਰ ਦਾ ਅਦਾਰਾ) Canara Bank

ਬ੍ਰਾਂਚ : ਐਸ.ਸੀ.ਓ. 27, ਸੈਕਟਰ 11, ਪੰਚਕੂਲਾ

**ਸਕਿਊਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਊਰਟੀ ਇੰਟਰਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ ਪ੍ਰਕਾਸ਼ਨ ਰਾਹੀਂ ਡਿਮਾਂਡ ਨੋਟਿਸ**

ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਦਰਸ਼ਾਏ ਕਰਜ਼ਦਾਰ ਬੈਂਕ ਦੁਆਰਾ ਲਏ ਕਰਜ਼ੇ ਦੇ ਮੂਲ ਅਤੇ ਵਿਆਜ ਦੀ ਅਦਾਇਗੀ ਵਿੱਚ ਦੋਸ਼ੀ ਹੋਏ ਹਨ ਅਤੇ ਇਹ ਸੁਵਿਧਾ ਹੁਣ ਨਾਨ ਪ੍ਰਫਾਰਮਿੰਗ ਐਸਟਸ ਹੋ ਗਈ ਹੈ। ਸਕਿਊਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਊਰਟੀ ਇੰਟਰਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ/ਗਰੰਟਰਾਂ ਨੂੰ ਉਨ੍ਹਾਂ ਦੇ ਆਖ਼ਰੀ ਜਾਣੂ ਪਤੇ 'ਤੇ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ। ਜਦੋਂਕਿ ਇਹ ਨੋਟਿਸ ਬਿਨਾਂ ਉਨ੍ਹਾਂ ਨੂੰ ਪ੍ਰਾਪਤ ਹੋਏ ਵਾਪਸ ਆ ਗਏ ਹਨ ਅਤੇ ਅਧਿਕਾਰਤ ਅਫ਼ਸਰ ਕੋਲ ਇਸ ਵਿਸ਼ਵਾਸ ਲਈ ਕਾਰਨ ਬਣਦਾ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਲੈਣ ਤੋਂ ਇਨਕਾਰੀ ਹਨ ਸੋ ਉਨ੍ਹਾਂ ਨੂੰ ਇਸ ਪਬਲਿਕ ਨੋਟਿਸ ਰਾਹੀਂ ਇਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

| ਕਰਜ਼ਦਾਰ/ਗਰੰਟਰ ਦਾ ਨਾਂ | ਸੁਰੱਖਿਅਤ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਐਨਪੀਏ ਦੀ ਮਿਤੀ | ਡਿਮਾਂਡ ਨੋਟਿਸ ਮੁਤਾਬਿਕ ਬਕਾਇਆ ਰਕਮ |
|---|---|---|---|---|
| ਸ੍ਰੀਮਤੀ ਰੇਜੂ ਚਤੁਰਵੇਦੀ ਪਤਨੀ ਸ੍ਰੀ ਰਵੀ ਸ਼ੰਕਰ ਚਤੁਰਵੇਦੀ (ਕਰਜ਼ਦਾਰ) ਅਤੇ ਸ੍ਰੀ ਰਵੀ ਸ਼ੰਕਰ ਚਤੁਰਵੇਦੀ ਪੁੱਤਰ ਸ੍ਰੀ ਸ਼ਿਵਜੀ ਚਤੁਰਵੇਦੀ (ਸਹਿ-ਕਰਜ਼ਦਾਰ), ਦੋਵੇਂ ਵਾਸੀ ਮਕਾਨ ਨੰ. 2, ਐਸਡੀਪੀ ਗ੍ਰੀਨ ਵੈਲੀ, ਢਕੋਲੀ, ਜ਼ਿਲ੍ਹਾ ਐਸਏਐਸ ਨਗਰ। | ਜ਼ਮੀਨ ਮਿਣਤੀ 0 ਬਿੱਘਾ, 1 ਬਿਸਵਾ 5.5 ਵਿਸ਼ਵਾਸੀ ਜਿਸ ਦਾ ਖੇਵਟ/ਖਤੌਨੀ ਨੰ. 171/183, ਖਸਰਾ ਨੰ. 693/94 (2-5), 95(3-11), 96(2-14), 226/1(4-19), 227(4-0), 229(6-10), 231 ਮਿੰਨ (0-19), ਕਿੱਟੇ 7 ਜ਼ਮੀਨ 24 ਬਿੱਘਾ-18 ਬਿਸਵੇ ਦਾ 25-1/2/9960 ਹਿੱਸਾ=0 ਬਿੱਘਾ 1 ਵਿਸਵਾ 5.5 ਵਿਸ਼ਵਾਸੀ (ਅਕਾਰ 18 ਫੁੱਟ ਚੌੜਾ ਗੁਣਾ 32 ਫੁੱਟ ਲੰਬਾ=64 ਵਰਗ ਫੁੱਟ) ਪਲਾਟ ਨੰ. 2, ਐਸਡੀਪੀ ਗ੍ਰੀਨ ਵੈਲੀ, ਢਕੋਲੀ, ਐਮਸੀ ਜੀਰਕਪੁਰ, ਜ਼ਿਲ੍ਹਾ ਐਸਏਐਸ ਨਗਰ ਰਾਹੀਂ ਸੇਲਡੀਡ ਨੰ. 3491 ਮਿਤੀ 21.8.2017 ਸ੍ਰੀਮਤੀ ਰੇਜੂ ਚਤਰਵੇਦੀ ਦੇ ਨਾਂ ਹੈ। ਨਾਲ ਲੱਗਦੀ ਜਾਇਦਾਦ : ਪੂਰਵ : ਹੋਰ ਮਾਲਕ, ਪੱਛਮ : ਰੋਡ, ਉਤਰ : ਪਲਾਟ ਨੰ.1, ਦੱਖਣ : ਪਲਾਟ ਨੰ. 3 | 03.04.2021 | 30.12.2020 | ਰੁਪਏ 18,02,930/- ਸਮੇਤ ਭਵਿੱਖੀ ਵਿਆਜ਼ ਅਤੇ ਇਨਸੀਡੈਂਟਲ ਖ਼ਰਚੇ ਅਤੇ ਲਾਗਤਾਂ |
| ਸ੍ਰੀਮਤੀ ਦੀਪਿਕਾ ਸ਼ਰਮਾ ਪੁੱਤਰੀ ਸ੍ਰੀ ਕਮਲ ਕਿਸ਼ੋਰ (ਕਰਜ਼ਦਾਰ) ਮਕਾਨ ਨੰ. 1249-ਏ, ਸੈਕਟਰ 20-ਬੀ, ਚੰਡੀਗੜ੍ਹ | ਚੱਲ : ਟਾਟਾ ਨੈਨੋ ਟਵਿਸਟ XTBSIV ਰਜਿਸਟ੍ਰੇਸ਼ਨ ਨੰ. CH01BF9771, ਬਾਡੀ ਟਾਈਪ ਐਮ. ਸਿਲਵਰ ਸਾਲੂਨ, ਚਾਸੀ ਨੰ. MAT612277FKH13283, ਇੰਜਨ ਨੰ. 273MPF112HUYK12698 ਜੋ ਕਿ ਸ੍ਰੀਮਤੀ ਦੀਪਿਕਾ ਸ਼ਰਮਾ ਦੇ ਨਾਂ ਹੈ। | 03.04.2021 | 01.12.2020 | ਰੁਪਏ 1,08,364.53/- ਸਮੇਤ ਭਵਿੱਖੀ ਵਿਆਜ਼ ਅਤੇ ਇਨਸੀਡੈਂਟਲ ਖ਼ਰਚੇ ਅਤੇ ਲਾਗਤਾਂ |

ਉਪਰੋਕਤ ਕਰਜ਼ਦਾਰਾਂ/ਗਰੰਟਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਨੋਟਿਸ ਦੇ ਪ੍ਰਕਾਸ਼ਨ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦਰਸ਼ਾਈ ਰਕਮ ਅਦਾ ਕੀਤੀ ਜਾਵੇ। ਅਸਫ਼ਲ ਰਹਿਣ 'ਤੇ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਖ਼ਤਮ ਹੋਣ ਉਪਰੰਤ ਸਕਿਊਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਊਰਟੀ ਇੰਟਰਸਟ ਐਕਟ, 2002 ਦੀਆਂ ਤਜਵੀਜਾਂ ਤਹਿਤ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕਰਜ਼ਦਾਰਾਂ/ਗਰੰਟਰਾਂ ਨੂੰ ਉਪਰ ਦਰਸ਼ਾਈ ਸੁਰੱਖਿਅਤ ਜਾਇਦਾਦ ਨਾਲ ਸਾਡੀ ਬਿਨਾਂ ਇਜਾਜਤ ਕਿਸੇ ਵੀ ਤਰ੍ਹਾਂ ਲੈਣ ਦੇਣ ਕਰਨ ਤੋਂ ਵਰਜ਼ਿਆ ਜਾਂਦਾ ਹੈ। ਇਹ ਐਕਟ/ਹੋਰ ਲਾਗੂ ਨਿਯਮਾਂ ਤਹਿਤ ਬਣਦੇ ਸਾਡੇ ਕਿਸੇ ਵੀ ਹੱਕ ਤਹਿਤ ਬਿਨਾਂ ਕਿਸੇ ਭੇਦ-ਭਾਵ ਦੇ ਦਿੱਤਾ ਜਾਂਦਾ ਹੈ।

ਮਿਤੀ : 28.07.2021 ਸਥਾਨ: ਪੰਚਕੂਲਾ ਅਧਿਕਾਰਤ ਅਫ਼ਸਰ